ਬਹਾਦਰ ਦੀਪ ਕੌਰ

ਕਿਵੇਂ ਇਕ ਸਿੱਖ ਬੱਚੀ ਨੇ ਜ਼ੁਲਮ ਤੇ ਕਸ਼ਟਾਂ ਦਾ ਮੁਕਾਬਲਾ ਕਰਕੇ ਆਪਣੇ ਸਤ ਧਰਮ ਦੀ ਰਖਿਆ ਕੀਤੀ ਨਾਵਲ ਦੇ ਅੰਦਰ ਪੜ੍ਹੋ

ਲੇਖਕ:—

ਗਿਆਨੀ ਤ੍ਰਿਲੋਕ ਸਿੰਘ

ਕਰਤਾ:—
ਮਹਾਰਾਣੀ ਜਿੰਦਾਂ, ਕੰਵਰ ਨੌ ਨਿਹਾਲ ਸਿੰਘ ਦੀ ਮੌਤ
ਬਹਾਦਰ ਪੰਜਾਬ ਕੌਰ ਆਦਿਕ।

—ਪ੍ਰਕਾਸ਼ਕ—

ਸੇਵਕ ਸਾਹਿਤ ਭਵਨ

ਕਿੰਗਜ਼ਵੇ, ਦਿਲੀ—੯



੧੯੬੬

ਮੁਦ੍ਰਕ:-

ਮੋਹਨ ਪ੍ਰਿੰਟਰਜ਼,
ਬਾਜ਼ਾਰ ਸੀਤਾ ਰਾਮ ਦਿਲੀ

ਪ੍ਰਕਾਸ਼ਕ:-

ਸ੍ਰ: ਕਰਮ ਸਿੰਘ 'ਸੇਵਕ'
ਸੇਵਕ ਸਾਹਿਤ ਭਵਨ,
ਕਿੰਗਜ਼ਵੇ, ਦਿਲੀ-੯

ਮੁਲ ਦੋ ਰੁਪਏ

੧.

'ਸੂਲਾਂ ਜੰਮਦੀਆਂ ਦੇ ਮੂੰਹ ਤਿਖੇ' ਆਖਣ ਅਨੁਸਾਰ ਦੀਪੋ ਅਠਾਂ ਸਾਲਾਂ ਦੀ ਉਮਰ ਵਿਚ ਹੀ ਨਿਡਰ ਕੁੜੀ ਸੀ। ਇੱਕਲੀ ਨੇ ਘਰੋਂ ਖੂਹ ਉਤੇ ਚਲੀ ਜਾਣਾ ਤੇ ਅਧੀ ੨ ਰਾਤ ਤਕ ਵਗਦੇ ਖੂਹ ਦੀ ਗਾਹੜੀ ਉਤੇ ਬੈਠ ਕੇ ਬੈਲਾਂ ਨੂੰ ਹਿੱਕਣਾਂ ਤੇ ਖੂਹ ਦੇ ਢੋਲ, ਕੁਤਕਲੀ ਤੇ ਬੈਲ ਦੀਆਂ ਟੱਲਾਂ ਵਿਚੋਂ ਨਿਕਲੀ ਆਵਾਜ਼ 'ਰੀਂ ਰੀਂ' ਨੂੰ ਸੁਣ ਕੇ ਖੁਸ਼ ਹੋਣਾ। ਜੇ ਨੀਂਦ ਆ ਜਾਣੀ ਤਾਂ ਗਾਹੜੀ ਉਤੇ ਹੀ ਸੌਂ ਜਾਣਾ। ਉਸ ਦੇ ਪਿਤਾ ਨੇ ਕਿਆਰੇ ਨੂੰ ਮੋੜ ਕੇ ਆਉਣਾ ਤਾਂ ਗਾਹੜੀ ਉਤੇ ਹੀ ਉਸਨੂੰ ਸੁਤੀ ਵੇਖ ਕੇ ਚੁਕ ਲੈਣਾ ਤੇ ਆਖਣਾ 'ਇਹ ਮੇਰੀ ਧੀ ਦੀਪੋ ਲੜਕਿਆਂ ਨਾਲੋਂ ਬਹਾਦਰ ਤੇ ਸਿਆਣੀ ਨਿਕਲੇਗੀ..........................ਆ ਪੁਤ ਦੀਪੋ! ਸੌਂ ਜਾ ਮਿਠੀ ਨੀਂਦੇ।'

ਇਉਂ ਆਖ ਕੇ ਦੋਹਾਂ ਹਥਾਂ ਉਤੇ ਚੁਕਦਾ ਤੇ ਧਰਤੀ ਉਤੇ ਵਿਛੇ ਹੋਏ ਬੋਜਦਾਂ ਦੇ ਝੁਲ ਉਤੇ ਸੁਆ ਦਿੰਦਾ ਮਾਸੂਮ ਦੀਪੋ ਬੇ-ਫਿਕਰੀ ਦੀ ਨੀਂਦ ਘੁਕ ਸੌਂ ਜਾਂਦੀ। ਸੂਰਜ ਦੀਆਂ ਤੇਜ਼ ਕਿਰਨਾਂ ਉਸ ਦੀ ਨੀਂਦ ਦੇ ਜਾਦੂ ਤੋੜਦੀਆਂ।

ਦੀਪੋ ਦਾ ਭਰਾ—ਨਿਹਾਲਾ—ਉਸ ਨਾਲੋਂ ਤਿੰਨ ਸਾਲ ਵਡਾ ਸੀ। ਉਹ ਖੁਲ੍ਹੀ ਜੂਹ ਵਿਚ ਡੰਗਰ ਚਾਰਨ ਜਾਂਦਾ। ਚੂਰੀਆਂ ਮੱਖਾਂ ਦੀਆਂ ਧਾਰਾਂ ਲੈਂਦਾ ਹੋਇਆ ਉਹ ਵੀ ਆਪਣੀ ਉਮਰ ਨਾਲੋਂ ਵਡਾ ਹੋ ਰਿਹਾ ਸੀ। ਫੁਲਾਂ ਵਰਗੇ ਦੋਹਾਂ ਬਚਿਆਂ ਨੂੰ ਪਾਲਦਾ ਹੋਇਆ ਬਾਪੂ ਹੱਡ-ਭੰਨ ਕੇ ਮਿਹਨਤ ਕਰਦਾ ਸੀ। ਸਾਰੇ ਦੇਵੀ ਦੇਵਤਿਆਂ,

ਪੀਰਾਂ-ਫਕੀਰਾਂ, ਸਾਧੂ ਅਵਤਾਰਾਂ ਕੋਲੋਂ ਡਰਦਾ ਸੀ। ਉਹ ਹਰ ਇਕ ਦਾ ਸਤਿਕਾਰ ਕਰਦਾ, ਅਗਿਆਨ ਤੇ ਮਾਸੂਮ ਆਤਮਾ ਨੂੰ ਪਤਾ ਹੀ ਨਹੀਂ ਸੀ ਕਿ ਪੂਜਾ 'ਇਕ' ਦੀ ਕਰੀ ਦੀ ਹੈ। ਉਹ ਏਹੋ ਸਮਝਦਾ ਜਿਵੇਂ ਧਰਤੀ ਉਤੇ ਰਹਿੰਦਿਆ ਭਾਈਚਾਰੇ, ਸਰਕਾਰ ਪਿੰਡ ਦੇ ਚੌਧਰੀਆਂ, ਤਕੜਿਆਂ, ਡਾਕੂਆਂ ਆਦਿਕ ਦਾ ਸਤਿਕਾਰ ਕਰਨਾ ਪੈਂਦਾ ਹੈ ਤਾਂ ਕਿ ਕੋਈ ਸੱਟ-ਪੇਟ ਨਾ ਲਾਉਣ, ਇਸੇ ਤਰਾਂ ਰਬ ਦੀ ਦੁਨਿਆ ਦਾ ਪਸਾਰਾ ਹੈ। ਸਾਰੇ ਦੇਵੀ-ਦੇਵਲ, ਪੀਰ-ਫਕੀਰ, ਸਾਧੂ, ਅਵਤਾਰ ਤੇ ਬੀਰ ਰਬੀ ਹਕੂਮਤ ਦੇ ਪੁਰਜੇ ਹਨ। ਕਿਉਂ ਕਿਸੇ ਨੂੰ ਨਾਰਾਜ਼ ਕੀਤਾ ਜਾਏ।

ਦੀਪੋ ਦੀ ਮਾਤਾ ਦਾਨੀ ਸਚਮੁਚ ਦਾਨੀ ਸੀ। ਪੁਜ ਕੇ ਜਵਾਨ, ਹਿੰਮਤਨ ਦੇ ਦਲੇਰ, ਉਸ ਦਾ ਹੱਸੂ ਹੱਸੂ ਕਰਦਾ ਚਿਹਰਾ, ਹਮਦਰਦੀ ਤੇ ਦਇਆ ਭਰਿਆ ਦਿਲ, ਹਥਾਂ ਤੇ ਪੈਰਾਂ ਵਿਚ ਗਿਧਾ-ਨਾਚ ਦੀ ਤੜਪ ਆਦਿਕ ਉਸ ਦੇ ਵਿਸ਼ੇਸ਼ ਗੁਣ ਸਨ।

ਜਿਸ ਵੀ ਖੁਸ਼ੀ ਦੇ ਆਗਮ ਵਿਚ ਉਹ ਸ਼ਾਮਲ ਨਾ ਹੁੰਦੀ, ਉਹ ਅਧੂਰਾ ਸਮਝਿਆ ਜਾਂਦਾ। ਸੱਚ ਉਸਦੇ ਲਹੂ ਵਿਚ ਰਚਿਆ ਸੀ। ਆਪਣੇ ਪਤੀ ਦੇ ਮੋਢੇ ਨਾਲ ਮੋਢਾ ਡਾਹ ਕੇ ਘਰ ਦੇ ਤੇ ਬਾਹਰ ਦੇ ਕੰਮ ਕਰਦੀ। ਇਕ ਵਾਰ ਉਸਨੂੰ ਪਤਾ ਲਗਾ ਕਿ ਉਸ ਦੇ ਪਤੀ ਭਾਈ ਤਾਰੂ ਨਾਲ ਕੋਈ ਲੜ ਰਿਹਾ ਸੀ। ਲੜਾਈ ਖੇਤੀ ਦੀ ਵੱਟ ਤੋਂ ਸੀ। ਸੌਂਣ ਦੇ ਦਿਨ ਸਨ। ਤਾਰੂ ਆਪਣੇ ਖੇਤ ਦੀ ਵੱਟ ਸਿਧੀ ਕਰ ਰਿਹਾ ਸੀ ਕਿ ਦੂਸਰੇ ਖੇਤ ਵਾਲੇ ਉਸ ਦੇ ਗਲ ਪਏ। ਜਿਉਂ ਹੀ ਦਾਨੀ ਨੂੰ ਪਤਾ ਲਗਾ ਤਾਂ ਸਿਰੀ ਦੇ ਲੀੜੇ ਨੂੰ ਪੱਗ ਵਾਂਗ ਸਿਰ ਤੇ ਵਲੇਟ ਕੇ ਘਰੋਂ ਗੰਡਾਸੀ ਲੈ ਕੇ ਖੇਤ ਵਲ ਨੱਠ ਉਠੀ। ਬਿਜਲੀ ਵਾਂਗ ਲਿਸ਼ਕਦੀ ਗੰਡਾਸੀ ਚੁਕੀ ਜਾਂਦੀ ਉਹ ਦੰਡਕਾ ਲਗਾਂਦੀ ਸੀ। ਜਿਸ ਵੀ ਵੇਖਿਆ, ਉਹੋ ਹੈਰਾਨ ਹੋਇਆ। ਉਹ ਕਿਸੇ ਦੇ ਰੋਕਿਆਂ ਨਾ ਰੁਕੀ। ਪਿੰਡ ਵਿਚ ਰੌਲਾ ਪੈ ਗਿਆ। ਪਿੰਡ ਦਾ ਚੌਧਰੀ ਚੰਗਾ ਜਾਨ ਵਾਲਾ ਸੀ ਤੇ ਭਰਾਵਾਂ ਦੀਆਂ ਬਾਂਹੀਂ

ਦੇ ਬਲ ਦਾ ਵੀ ਉਸ ਨੂੰ ਮਾਨ ਸੀ ਉਹ ਨਸ ਕੇ ਦਾਨੀ ਦੇ ਪਿਛੇ ਗਿਆ ਲੜਾਈ ਵਾਲੀ ਥਾਂ ਪੁਜਣ ਤੋਂ ਪਹਿਲਾਂ ਹੀ ਦਾਨੀ ਨੂੰ ਰੋਕ ਲਿਆ ।

ਉਧਰ ਲੜਾਈ ਤੇ ਟੁਕ ਚੁੱਕੀ ਸੀ ਐਵੇਂ ਮਾਮੂਲੀ ਸੱਟਾਂ ਦੋਹੀ ਪਾਸੀਂ ਲਗੀਆਂ ਸਨ । ਚੌਧਰੀ ਦੇ ਨਾਲ ਦਾਨੀ ਵਟ ਤੇ ਖਲੋਤੀ ਲਿਸ਼ਕਦੀ ਗੰਡਾਸੀ ਉਸ ਦੇ ਹੱਥ ਵਿਚ ਸੀ ਤੇ ਅੱਖਾਂ ਵਿਚ ਖੂਨ ਉਤਰਿਆ ਹੋਇਆ ਸੀ। ਜਵਾਨੀ ਦਾ ਲਾਲ ਲਹੂ ਉਸ ਦੀਆਂ ਗਲ੍ਹਾਂ ਵਿਚੋਂ ਸਿਮ ਰਿਹਾ ਸੀ, ਉਹਨੇ ਦਾਨਿਆਂ ਵਾਂਗ ਚੌਧਰੀ ਨੂੰ ਆਖਿਆ ਸੀ–

‘ਚੌਧਰੀ ਜੀ ! ਤੁਸੀਂ ਸਰਕਾਰ ਵਲੋਂ ਪਿੰਡ ਦੇ ਰਾਖੇ ਹੋ। ਜਿਧਰ ਸਾਡੀ ਵੱਟ ਜਾਂਦੀ ਹੈ, ਤੁਸੀਂ ਲਕੀਰ ਖਿਚ ਦਿਓ। ਵਟ ਦੀ ਗਲ ਜ਼ਬਾਨੀ ਨਜਿਠੀ ਜਾ ਸਕਦੀ ਐ, ਪਰ ਧਕੇ ਨਾਲ ਨਹੀ– ਬਹੁਤੇ ਆਦਮੀਆਂ ਦੇ ਰੋਹਬ ਨਾਲ ਨਹੀਂ। ਹਥੀਂ ਪੈਣ ਦਾ ਮਤਲਬ ਕੀ। ਮਰ ਜਾਵਾਂਗ, ਪਰ ਧਕੇ ਅਗੇ ਝੁਕਾਂਗੇ ਨਹੀਂ। ਆਪਣਾ ਹੱਕ ਨਹੀਂ ਛਡਾਂਗੇ। ਫੜੋ ਰਸੀ—ਲਕੀਰ ਕਢੋ-ਨਹੀਂ ਤਾਂ ਕਾਹੂ ਸਦੋ। ਇਨ੍ਹਾਂ (ਭਾਈ ਤਾਰੂ) ਨੂੰ ਇਕੱਲ ਸਮਝ ਕੇ ਨਿਤ ਨਵੇਂ ਸੂਰਜ ਚੜ੍ਹ ਪੈਂਦੇ ਹਨ-ਪਤਾ ਨਹੀਂ ਇਹ ਇਕੱਲੇ ਨਹੀਂ ਹਨ-ਮੈਂ ਵੀ ਇਨ੍ਹਾਂ ਦੇ ਸਾਥ ਆਂ। ਮੈਂ ਤਾਂ ਇਕ ਇਕ ਦੇ ਡਕਰੇ ਕਰ ਦਿਆਂਗੀ। ਮੇਰੀ ਗੰਡਾਸੀ ।”

“ਬਸ ! ਦਾਨੀ ਬਸ !! ਅਜ ਹੀ ਮੈਂ ਕਾਹੂ ਨੂੰ ਸਦਦਾ ਆਂ ਤੇ ਸਵੇਰੇ ਖੇਤ ਦਾ ਵਟ ਸਿਧੀ ਹੋ ਜਾਏਗੀ। ਲੜਨ–ਭਿੜਨ ਦੀ ਲੋੜ ਨਹੀਂ।” ਸਿਆਣੇ ਚੌਧਰੀ ਨੇ ਇਉਂ ਦਾਨੀ ਨੂੰ ਸਮਝਾ ਕੇ ਚੁਪ ਕਰਾਇਆ, ਦੂਸਰੇ ਪਾਸੇ ਦੇ ਜਵਾਨ ਕੁਝ ਠਨੰਬਰ ਗਏ। ਉਹ ਤਾਰੂ ਨੂੰ ਨਾਲ ਲੈ ਕੇ ਇਕ ਜੇਤੂ ਸੈਨਾਪਤੀ ਦੀ ਤਰਾ ਵਾਪਸ ਪਿੰਡ ਨੂੰ ਆਈ ਸਾਰੀਆਂ ਪਿੰਡ ਦੀਆਂ ਜ਼ਨਾਨੀਆਂ ਨੇ ਕੋਠਿਆਂ ਉਤੇ ਚੜ੍ਹ ਕੇ

ਵੇਖਿਆ।

ਉਸ ਦਿਨ ਤੋਂ ਭਾਈ ਭਾਨੂ ਨਾਲ ਲੜਨ ਦਾ ਕਿਸੇ ਨੂੰ ਹੌਂਸਲਾ ਨਾ ਪਿਆ ਪਰਵਾਰ ਦੇ ਚਾਰੇ ਜੀ ਖੁਸ਼ੀ ਦੇ ਦਿਨ ਕਟਨ ਲਗੇ।

ਸਮੇਂ ਦਾ ਅਦਿਸ ਪ੍ਰਛਾਵਾਂ ਹਰ ਇਕ ਜੀਵ ਦੇ ਸਿਰ ਉਤੇ ਹਥ ਰਖ ਕੇ ਲੰਘਦਾ ਜਾਂਦਾ ਹੈ ਅਤੇ ਜੀਵ ਦੀ ਉਮਰ, ਸਰੀਰਕ ਤੇ ਦਿਮਾਗੀ ਹਾਲਤ ਵਿਚ ਵਾਧਾ ਕਰੀ ਜਾਂਦਾ ਹੈ ਸਮੇਂ ਦੇ ਪੈਰ ਦਿਨਾਂ ਤੇ ਉਸ ਦੇ ਕਟੇ ਪੰਥ ਦਾ ਨਾਮ ਹੀ ਤਾਂ ਪਲ, ਘੜੀਆਂ, ਦਿਨ ਮਹੀਨੇ ਤੇ ਸਾਲ ਹੈ। ਹਰ ਨਵੀਂ ਪ੍ਰਭਾਤ ਮਨੁਖ, ਪੰਛੀ ਤੇ ਬਨਾਸਪਤੀ ਦੇ ਪੌਦਿਆਂ ਦੇ ਜੀਵਨ ਵਿਚ ਨਵੀਂ ਤਬਦੀਲੀ ਲਿਆਉਂਦਾ ਹੈ। ਬਾਲਪਨ ਤੋਂ ਬਚਪਨ ਅਤੇ ਬਚਪਨ ਤੋਂ ਜਵਾਨੀ ਆ ਜਾਂਦੀ ਹੈ। ਰੂਪ ਬਦਲ ਜਾਂਦਾ ਹੈ, ਪਿਛਲੇ ਵਿਚਾਰ ਭੁਲ ਜਾਂਦੇ ਹਨ। ਦੀਪੋ ਨੇ ਨਾਵੇਂ ਸਾਲ ਨੂੰ ਪੂਰਿਆਂ ਕੀਤਾ ਤਾਂ ਜਵਾਨੀ ਦੀ ਮੰਜ਼ਲ ਵਲ ਪਹਿਲਾ ਕਦਮ ਪੁਟਿਆ। ਨੌਂ ਸਾਲ ਤੋਂ ਚੌਦਾਂ ਸਾਲਾਂ ਦੇ ਵਿਚਾਲੇ ਦਾ ਸਮਾਂ ਅਨੋਖਾ ਹੁੰਦਾ ਹੈ। ਬਚਪਨ ਅਵਾਚਦਾ ਜਾਂਦਾ ਤੇ ਜਵਾਨੀ ਪ੍ਰਗਟ ਹੁੰਦੀ ਜਾਂਦੀ ਹੈ। ਅਨ-ਖਿੜੀ ਕਲੀ ਦੀ ਤਰ੍ਹਾਂ ਜੀਵਨ ਸੁਗੰਧੀ ਲੁਕੀ ਹੋਈ ਹੁੰਦੀ ਹੈ। ਦੋ ਸਾਲ ਹੋਰ ਬੀਤ ਗਏ। ਦੀਪੋ ਯਾਰਾਂ ਸਾਲ ਦੀ ਹੋ ਗਈ, ਆਪਣੇ ਭਰਾ, ਪਿਤਾ ਤੇ ਮਾਤਾ ਨਾਲ ਕੰਮਾਂ ਵਿਚ ਹੱਥ ਵਟਾਉਣ ਲਗੀ। ਜਵਾਰ (ਮਕੱਈ) ਦੇ ਖੇਤ ਵਿਚ ਮਹੱਣੇ ਉਤੇ ਬੈਠ ਕੇ ਗੁਲੇਲ ਨਾਲ ਪੰਛੀਆਂ ਨੂੰ ਉਡਾਉਂਦੀ ਰਹਿੰਦੀ। ਉਸਨੂੰ ਕਿਸੇ ਕੋਲੋਂ ਡਰ ਨਾ ਲਗਦਾ। ਸੂਰਜ ਡੁਬਣ ਪਿਛੋਂ ਘਰ ਆ ਜਾਂਦੀ ਖੇਤ ਦੀ ਰਾਖੀ ਦੀ ਜ਼ਿਮੇਵਾਰੀ ਉਸ ਦੀ ਸੀ।

ਉਸੇ ਹੀ ਸਾਲ [ਜਦੋਂ ਦੀਪੋ ਯਾਰਾਂ ਸਾਲਾਂ ਦੀ ਹੋ ਚੁਕੀ ਸੀ ਤੇ ਬਾਹਰਵੇਂ ਸਾਲ ਵਿਚ ਉਸਨੇ ਪੈਰ ਪਾਇਆ ਸੀ] ਪਿੰਡ ਝੰਬਾਲ ਦੇ ਕੁਝ ਗਾਨ ਸਿਖਾਂ ਦੇ ਉਪਰਾਲੇ ਨਾਲ ਵਿਸਾਖੀ ਦਾ ਪੁਰਬ ਸੀ ਅਨੰਦਪੁਰ ਸਾਹਿਬ ਵਿਖੇ ਮਨਾਉਣ ਵਾਸਤੇ ਸੰਗ ਤਿਆਰ ਹੋਇਆ। ਦੁਸ਼ਟ ਦਮਨ, ਬਾਜਾਂ ਵਾਲੇ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦ ਪੁਰੀ ਵਿਚ ਬਰਾਜ

ਮਾਨ ਸਨ। ਨਵੇਂ ਜੀਵਨ ਦਾ ਖੁਲ੍ਹਾ ਦਾਨ ਕਰੀ ਜਾਂਦੇ ਸਨ। ਉਨ੍ਹਾਂ ਦੇ ਦਰਬਾਰ ਦੀ ਸ਼ੋਭਾ ਮਲਿਆਗਰ ਦੀ ਪਵਨ ਵਾਂਗ ਸੁਗੰਧੀ ਭਰੀ ਸਾਰੇ ਦੇਸ਼ ਉਤੇ ਖਿੱਲਰ ਚੁਕੀ ਸੀ।

ਦਾਨੀ ਵੀ ਪ੍ਰਵਾਰ ਸਮੇਤ ਸ੍ਰੀ ਅਨੰਦ ਪੁਰ ਸਾਹਿਬ ਦੀ ਯਾਤ੍ਰਾ ਵਾਸਤੇ ਤਿਆਰ ਹੋ ਪਈ। ਪਹਿਲਾਂ ਉਹ ਦੇਵੀ ਦੇਵਤਿਆਂ ਦੀ ਪੁਜਾਰਨ ਸੀ, ਸੌਂਖਲ ਵਾਲੇ ਪੀਰ ਦੇ ਚੇਲਿਆਂ ਨੂੰ ਵੀ ਹੱਥੋਂ ਕੁਝ ਦੇ ਛਡਿਆ ਕਰਦੀ ਸੀ ਗੁਰੂ ਘਰ ਦੀ ਪ੍ਰੇਮਣ ਭੂਆ ਤਾਬੋ ਕੋਲੋਂ ਗੁਰੂ ਘਰ ਦਾ ਜੱਸ ਸੁਣ ਕੇ ਦਾਨੀ ਪ੍ਰੇਰੀ ਗਈ। ਘਰ ਦੇ ਘਿਓ ਦੀ ਪੰਜੀਰੀ ਬਣਾ ਕੇ ਦੋ ਕੁਜੇ ਭਰ ਲੈ ਬਿਸਤਰੇ ਬੰਨ੍ਹ ਕੇ ਘੋੜੀ ਉਤੇ ਲੱਦੇ ਤੇ ਸੰਗ ਦੇ ਨਾਲ ਹੋ ਤੁਰੇ।

ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾ ਰਹੇ ਸੰਗ ਵਿਚ ਢਾਈ ਸੌ ਦੇ ਲਗ ਭਗ ਨਰ ਨਾਰੀ ਸਨ। ਸਾਰੇ ਬੜੇ ਉਤਸ਼ਾਹ ਨਾਲ 'ਸਤਿਨਾਮ-ਵਾਹਿਗੁਰੂ' ਦਾ ਅਜਪਾ ਜਾਪ ਕਰਦੇ ਹੋਏ ਪੰਧ ਨੂੰ ਮੁਕਾਉਂਦੇ ਸਨ। ਢੋਲਕੀ ਛੈਣਿਆਂ ਤੇ ਚਿਮਟਿਆਂ ਦੇ ਕਈ ਜੱਥ ਨਾਲ ਸਨ। ਧਾਰਨਾਂ ਤੇ ਹੱਲੇ ਦੇ ਸ਼ਬਦ ਉਚੀ ਉਚੀ ਪੜ੍ਹਦਿਆਂ ਹੋਇਆਂ ਸਾਰੇ ਸਤਿਗੁਰਾਂ ਤੋਂ ਬਲਿਹਾਰੇ ਜਾ ਰਹੇ ਸਨ। ਕੋਈ ਜੱਥਾ ਗਾ ਰਿਹਾ ਸੀ:—'ਮਿੱਠੀ ਲਗਦੀ ਗੁਰੂ ਜੀ ਤੇਰੀ ਬਾਣੀ, ਅੰਮ੍ਰਿਤ ਵੇਲੇ ਜੀ ਮਿੱਠੀ.........।'

ਇਸ ਸ਼ਬਦ ਨੂੰ ਤਾਂ ਕਈ ਵਾਰ ਗਾਇਆ ਜਾ ਰਿਹਾ ਸੀ

ਘੋਲ ਘੁਮਾਈ ਲਾਲਨਾ ਗੁਰਿ ਮਨੁ ਦੀਨਾ ॥
ਸੁਣਿ ਸ਼ਬਦੁ ਤੁਮਾਰਾ ਮੇਰਾ ਮਨੁ ਭੀਨਾ ॥
ਇਹੁ ਮਨੁ ਭੀਨਾ
ਜਿਉ ਜਲ ਮੀਨਾ
ਲਾਗਾ ਰੰਗੁ ਮੁਰਾਰਾ ॥
ਕੀਮਤ ਕਹੀ ਨਾ ਜਾਈ
ਠਾਕੁਰ ਤੇਰਾ ਮਹਲੁ ਅਪਾਰਾ ॥
ਸਗਲ ਗੁਣਾ ਕੇ ਦਾਤੇ ਸਵਾਮੀ

ਬਿਨਉ ਸੁਨਹ ਇਕ ਦੀਨਾ ॥
ਦੇਹੁ ਦਰਸ਼ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ ॥
(ਤੁਖਾਰੀ ਛੰਦ ਮਹੱਲਾ ੫)

ਛੈਣਿਆਂ ਦੀ ਘਨਘੋਰ, ਢੋਲਕੀ ਦਾ ਤਾਲ ਅਤੇ ਸੰਗਤ ਦੀ ਮਿਠੀ ਸੁਰੀਲੀ ਆਵਾਜ਼ ਜੰਗਲ ਬੇਲਿਆਂ ਦੇ ਜੀਵਾਂ ਨੂੰ ਵੀ ਤਾਰਦੀ ਜਾਂਦੀ ਸੀ। ਜਿਉਂ ਜਿਉਂ ਉਚੀ ਸ਼ਬਦ ਗਾਏ ਜਾਂਦੇ ਸਨ ਤਿਉਂ ਤਿਉਂ ਬਖੇਵਾਂ ਲੱਥਦਾ ਜਾਂਦਾ ਅਤੇ ਪੰਧ ਮੁਕਦਾ ਜਾਂਦਾ ਸੀ।

ਇਕ ਗੁਰਮੁਖ ਨੇ ਝੂਮ ਕੇ ਧਾਰਨਾ ਅਟੱਕੀ—'ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥' ਸਾਰੀ ਸੰਗਤ ਨੇ ਉਸਦੇ ਪਿਛੇ ਉਸੇ ਧਾਰਨਾ ਨੂੰ ਉਚਾਰਨਾ ਸ਼ੁਰੂ ਕਰ ਦਿਤਾ।

'ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥'

ਗੁਰ ਚਰਨਾਂ ਦਾ ਧਿਆਨ ਧਰ ਕੇ ਤਿੰਨ ਤਿੰਨ ਚਾਰ ਚਾਰ ਵਾਰ ਇਕ ਤੁਕ ਗਾਈ ਗਈ। ਇਉਂ ਸਾਰਾ ਸ਼ਬਦ ਪੂਰਾ ਕੀਤਾ ਗਿਆ-

ਰਾਜ ਤੇ ਕੀਟ ਕੀਟ ਤ. ਸੁਰਪਤਿ
ਕਰਿ ਦੋਖ ਜਠਰ ਕਉ ਭਰਤੇ ॥
ਕ੍ਰਿਪਾ ਨਿਧਿ ਛੋਡਿ ਆਨ ਕਉ
ਪੂਜਹਿ ਆਤਮ ਘਾਤੀ ਹਰਤੇ ॥
ਹਰ ਬਿਸਰਤ ਤੇ ਦੁਖ ਦੁਖ ਮਰਤੇ ॥
ਅਨਿਕ ਬਾਰ ਭ੍ਰਮਹਿ ਬਹੁ ਜੋਨੀ
ਟੇਕ ਨ ਕਾਹੂ ਧਰਤੇ ॥੧॥ ਰਹਾਉ
ਤਿਆਗਿ ਸੁਆਮੀ ਆਨ ਕਉ
ਚਿਤਵਤ ਮੂੜ ਮੁਗਲ ਖਲ ਖਰਤੇ ॥
ਕਾਗਰ ਨਾਵ ਲੰਘਹਿ ਕਤ ਸਾਗਰ

ਬਿਰਤਾ ਕਬਹੁ ਹਮ ਤਰਤੇ ॥
ਸਿਵ ਬਿਰੰਚਿ ਅਸੁਰ ਸੁਰ ਜੇਤੇ
ਕਾਲ ਅਗਨਿ ਮਹਿ ਜਰਤੇ ॥
ਨਾਨਕ ਸਰਨਿ ਚਰਨ ਕਮਲ ਕੀ
ਤੁਮ ਨ ਡਾਰਹੁ ਪ੍ਰਭ ਕਰਤੇ ॥

[ਮਲਾਰ ਮਹੱਲਾ ੫]

ਆਤਮਾ ਦੀ ਖੁਰਾਕ ਸ਼ਬਦ ਹੈ। ਸ਼ਬਦਾਂ ਦੇ ਇਕੱਠ ਦਾ ਨਾਮ ਬਾਣੀ ਹੈ। ਬਾਣੀ ਦੀ ਤੱਤ ਵਸਤੂ ਪਰੇਮ ਭਗਤੀ ਦਾ ਅਮਰ ਨਿੱਘ ਪਾਰ ਬ੍ਰਹਮ ਦੇ ਨੇੜੇ ਲਿਜਾਂਦਾ ਹੈ। ਸ਼ਬਦ ਰੂਪ ਹੀ ਭਗਵਾਨ ਹੈ। ਸ਼ਬਦ ਦਾ ਪਸਾਰਾ ਹੈ। ਗੁਰਮੁਖ ਜਨ ਸ਼ਬਦ ਗਾਉਂਦੇ ਹਨ ਤੇ ਮੁਕਤੀ ਨੂੰ ਪ੍ਰਾਪਤ ਕਰਦੇ ਹਨ। ਕਾਮ, ਕਰੋਧ, ਨਿੰਦਾ, ਚੁਗਲੀ, ਵੈਰ, ਵਿਰੋਧ, ਲਾਲਚ ਤੇ ਮੋਹ ਦੇ ਗਿਰਦੇ ਨੂੰ ਬਾਣੀ ਦੇ ਜਲ ਨਾਲ ਧੋ ਕੇ ਆਤਮਾ ਨੂੰ ਸ਼ੀਸ਼ੇ ਵਾਂਗ ਨਿਰਮਲ ਕੀਤਾ ਜਾਂਦਾ ਹੈ ਜਨਮ ਜਨਮਾਂਤਰਾਂ ਦੀ ਆਤਮਾ ਨੂੰ ਮੈਲ ਲਗੀ ਹੈ। ਜਦੋਂ ਆਤਮਾ ਨਿਰਮਲ ਹੋ ਜਾਂਦੀ ਹੈ ਤਾਂ ਦਿਲ ਦਾ ਸੰਸਾਰ ਸਾਰਾ ਪ੍ਰਭੂ ਪ੍ਰਮਾਤਮਾ ਦੇ ਰੂਪ ਨਾਲ ਰੰਗਿਆ ਹੋਇਆ ਨਜ਼ਰ ਆਉਂਦਾ ਹੈ। ਦੂਰ ਦੈਠੇ ਪਿਆਰੇ ਦਾ ਘਰ ਨੇੜੇ ਦਿਸਦਾ ਹੈ। ਪੈਰ ਕਾਹਲੀ ਨਾਲ ਤੁਰੇ ਜਾਂਦੇ ਹਨ ਅਤੇ ਲੰਬਾਂ ਥਕੇਵੇ ਨਾਲ ਫੁਲਦੀਆਂ ਨਹੀਂ। ਜੀਵਨ ਵਿਚ ਨਵਾਂ ਹੁਲਾਰਾ ਆਉਂਦਾ ਹੈ।

ਦਾਨੀ ਤੇ ਉਸਦਾ ਸਾਥੀ ਤਾਰੂ ਜੀਵਨ ਵਿਚ ਪਹਿਲੀ ਵਾਰ ਲੰਮੇ ਪੰਧ ਪਏ ਸਨ। ਸੁਣਦੇ ਸਨ ਕਿ ਅਨੰਦ ਪੁਰ ਡੇਢ ਸੌ ਮੀਲ ਦੀ ਦੂਰੀ ਤੇ ਹੈ। ਡੇਢ ਸੌ ਮੀਲ ਦੀ ਮੰਜਲ ਨੂੰ ਪੈਦਲ ਤਹਿ ਕਰਨਾ ਸੀ। ਕਈ ਪ੍ਰੇਮੀ ਤਾਂ ਨੰਗੀ ਪੈਰੀਂ ਯਾਤਰਾ ਕਰਦੇ ਸਨ। ਪਰ ਗੁਰ ਸੰਗਤ ਦੇ ਨਾਲ ਤੁਰੇ ਜਾਂਦਿਆਂ ਹੋਇਆਂ ਦਾਨੀ ਤੇ ਤਾਰੂ ਜਾਂ ਉਹਨਾਂ ਦੇ ਬਚਿਆਂ ਦੀਪੋ ਤੇ ਨਿਹਾਲ ਨੂੰ ਥਕੇਵਾਂ ਨਾ ਮਲੂਮ ਹੋਇਆ ਘੋੜੀ ਉਤੇ ਵਾਰੀ ਵਾਰੀ ਬੱਚੇ ਬੈਠ ਜਾਂਦੇ, ਦੀਪੋ ਤੁਰਨ ਨੂੰ ਚੰਗਾ ਸਮਝਦੀ ਸੀ। ਦਾਨੀ ਦਾ ਬੋਲ ਚੰਗਾ

ਹੋਣ ਕਰ ਕੇ ਸ਼ਬਦ ਪੜ੍ਹਨ ਵਾਲੀਆਂ ਬੀਬੀਆ ਨੇ ਉਸਨੂੰ ਆਪਣੇ ਨਾਲ ਮਿਲਾ ਲਿਆ ਸੀ। ਬਾਣੀ ਦਾ ਉਸ ਨੂੰ ਗਿਆਨ ਸੀ ਚੇਤਾ ਚੰਗਾ ਹੋਣ ਕਰ ਕੇ ਪਹਿਲਾਂ ਤੁਕ ਸੁਣ ਲੈਂਦੀ ਤੇ ਪਿਛੋਂ ਟੋਲੀ ਨਾਲ ਪੜ੍ਹ ਲੈਂਦੀ।

ਮੰਜ਼ਲੋਂ ਮੰਜ਼ਲੀ ਤੁਰਿਆ ਜਾਂਦਾ ਸੰਗ ਸ੍ਰੀ ਅਨੰਦ ਪੁਰ ਸਾਹਿਬ ਪੁਜ ਗਿਆ।

੨.

ਸੰਗ ਨੇ ਸਤਲੁਜ ਦਰਿਆ ਨੂੰ ਪਾਰ ਕੀਤਾ ਤਾਂ ਦੂਰੋਂ ਹੀ ਮਾਕੋਵਾਲ ਦਾ ਟਿਲਾ ਨਜ਼ਰ ਆਇਆ। ਉਸ ਦੇ ਉਪਰ ਇਕ ਪਹਾੜਾਂ ਦੀ ਕੜੀ ਦੂਰ ਤਕ ਦਿਖਾਈ ਦੇਣ ਲਗੀ। ਖੁਸ਼ਕ ਤੇ ਹਰਿਆਵਲੀਆਂ ਪਹਾੜੀਆਂ ਦੀ ਸਭ ਤੋਂ ਉਚੀ ਚੋਟੀ ਵਲ ਉਂਗਲ ਕਰ ਕੇ ਕਈਆਂ ਸਤਸੰਗੀਆਂ ਨੇ ਆਖਿਆ—'ਔਹ ਦੂਰ ਜੋ ਟਿਲਾ ਦਿਸਦਾ ਏ ਉਹ ਨੈਣਾ ਦੇਵੀ ਦਾ ਮੰਦਰ ਹੈ। ਬਹੁਤ ਉਚੀ ਏਧਰ ਸਜੇ ਹੱਥ ਜੋ ਪਹਾੜੀ ਹੈ, ਉਸਦੇ ਪੈਰਾਂ ਵਿਚ ਸਤਿਗੁਰ ਜੀ ਦੀ ਅਨੰਦ ਪੁਰੀ ਐ।'

ਸਾਰਿਆਂ ਨੇ ਹੱਥ ਜੋੜ ਕੇ ਸਤਿਗੁਰ ਜੀ ਦੇ ਦਰਬਾਰ ਨੂੰ ਦੂਰੋ ਨਿਮਸਕਾਰ ਕੀਤਾ।

ਦਿਨ ਅਜੇ ਅੰਦਰ ਬਾਹਰ ਸੀ ਕਿ ਢੋਲਕੀ ਛੈਣਿਆਂ ਨਾਲ ਗੁਰੂ ਘਰ ਦਾ ਜੱਸ ਗਾਉਂਦਾ ਹੋਇਆ ਜੱਥਾ ਸਤਿਗੁਰਾਂ ਦੇ ਮਹਿਲਾਂ ਕੋਲ ਪੁਜ ਗਿਆ। ਰਾਹ ਵਿਚ ਸੰਗ ਦੀ ਗਿਣਤੀ ਵਧ ਗਈ ਸੀ। ਇਕ ਲੰਮੇ ਜਲੂਸ ਦੀ ਤਰ੍ਹਾਂ ਸੰਗ ਦੇ ਮੈਂਬਰ ਤੁਰੇ ਗਏ ਸਨ।

ਸਤਿਗੁਰੂ ਜੀ ਦੇ ਸੇਵਕ ਮਸੰਦ ਅਗੇ ਆਏ। ਉਨਾਂ ਨੇ ਸਾਰੇ ਸੰਗ ਨੂੰ ਸ਼ਹੀਦੀ ਬਾਗ ਸਤਿਗੁਰ ਤੇਗ ਬਹਾਦਰ ਜੀ ਦੇ ਸੀਸ ਦਾ ਜਿਥੇ ਅੰਤਮ ਬਿਸਰਾਮ ਕਰਾਇਆ ਗਿਆ ਸੀ—ਵਲ ਜਾਣ ਦੀ ਬੇਨਤੀ ਕੀਤੀ ਕਿਉਂਕਿ ਉਥੇ ਖਾਲੀ ਥਾਂ ਤੇ ਡੇਰਾ ਕਰਨ ਦੀ ਸਤਿਗੁਰੂ ਵਲੋਂ

ਆਗਿਆ ਸੀ।

ਭੋਲੀ ਦੀਪੋ ਨੇ ਪੁਛਿਆ—'ਮਾਤਾ ਜੀ! ਸਤਿਗੁਰੂ ਕਿਹੜੇ ਹਨ?

'ਬੇਟੀ! ਸਵੇਰੇ ਦਰਸ਼ਨ ਕਰਾਂਗੇ। ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਕੇ ਖੁਸ਼ੀਆਂ ਪ੍ਰਾਪਤ ਕਰਾਂਗੇ ਬਹੁਤ ਖੁਲੇ ਦਰਬਾਰ ਵਿਚ, ਇਉਂ ਹੀ ਸਾਰੇ ਆਖਦੇ ਹਨ—ਮੈਂ ਵੀ ਤਾਂ ਪਹਿਲੀ ਵਾਰ ਆਈ ਆਂ। ਅਗੇ ਤਾਂ ਤੇਰਾ ਪਿਤਾ ਆਉਣ ਹੀ ਨਹੀਂ ਸੀ ਦਿੰਦਾ।' ਉਸਦੀ ਮਾਤਾ ਨੇ ਉਤਰ ਦਿਤਾ।

'ਬੇਟੀ! ਸੁਣਿਆ ਏ ਦਿਲਾਂ ਦੀਆਂ ਬੁਝ ਲੈਂਦੇ ਹਨ।'

'ਉਹ ਕਿਵੇਂ ਮਾਂ!'

'ਬੇਟੀ ਸਤਿਗੁਰੂ ਰੱਬ ਦਾ ਰੂਪ ਹੁੰਦੇ ਨੇ, ਉਹ ਹਰ ਇਕ ਦੇ ਦਿਲ ਦੀ ਗਲ ਜਾਣ ਜਾਂਦੇ ਨੇ ਦੁਖੀਆਂ ਦੇ ਦੁਖ ਦੂਰ ਕਰਦੇ ਹਨ—ਬੜੇ ਚੰਗੇ ਹਨ। ਸਵੇਰੇ ਤੂੰ ਵੀ ਦਰਸ਼ਨ ਕਰੀਂ ਮੱਥਾ ਟੇਕੀਂ।

'ਮੇਰੇ ਦਿਲ ਦੀ ਗਲ ਵੀ ਬੁਝ ਲੈਣਗੇ ਮਾਂ!'

'ਤੇਰੇ ਦਿਲ ਦੀ ਕੀ ਗਲ?'

'ਜੋ ਮੈਂ ਸੋਚਾਂ!'

'ਹੱਛਾ ਮਾਂ—ਮੈਂ ਸੋਚਾਂਗੀ ਭਲਾ।'

ਦਾਨੀ ਪੀਰਾਂ ਫਕੀਰਾਂ, ਗੁਰ-ਅਵਤਾਰਾਂ ਤੇ ਦੇਵੀ ਦੇਵਤਿਆਂ ਤੋਂ ਬਹੁਤ ਡਰਦੀ ਸੀ। ਉਹ ਕਿਸੇ ਦੀ ਨਿੰਦਾ ਨਾ ਕਰਦੀ, ਉਸਦਾ ਗਿਆਨ ਅਧੂਰਾ ਸੀ। ਕਿਸੇ ਇਕ ਦੀ ਪੂਜਾ ਕਰਨ ਦੀ ਸਮਝ ਨਹੀਂ ਸੀ ਪਈ। ਉਸ ਵਾਸਤੇ ਗੁਗਾ ਕਾਲੀ ਕਲਕੱਤੇ ਵਾਲੀ, ਪੀਰ ਦਰਸਾਹੀਂ ਸ਼ਾਹ, ਹਨੂੰਮਾਨ ਰਾਮ ਲਛਮਣ ਤੇ ਸ੍ਰੀ ਰਾਧਾ ਕ੍ਰਿਸ਼ਨ ਸਭ ਇਕ ਸਮਾਨ ਰੱਬ ਸਨ। ਬੀਰੂ ਭੂਤਾਂ ਪਰੇਤਾਂ ਕੋਲੋਂ ਡਰਦੀ। ਉਸਨੇ ਦੇਖਿਆ, ਉਸਦੀ ਮਾਸੂਮ ਲੜਕੀ ਸਤਿਗੁਰਾਂ ਜੀ ਦੀ ਪਰਖ ਕਰਨ ਲਗੀ ਸੀ। ਅਬੋਧ ਬਾਲਕਾਂ ਨੂੰ ਕੁਝ ਗਿਆਨ ਨਹੀਂ ਸੀ ਉਹ ਤਾਂ ਖਡੌਣਿਆਂ

ਨਾਲ ਖੇਡਣ ਵਾਲੀ ਸੀ । ਭੋਲੀ–ਬਿਲਕੁਲ ਭੋਲੀ । ਉਸ ਨੇ ਦੀਪੋ ਨੂੰ ਕਿਹਾ:–

'ਬੇਟੀ ! ਇਸ ਤਰਾਂ ਨਾ ਸੋਚ, ਉਹ ਜਾਣੀ ਜਾਣ ਹਨ ! ਸੁਝੇ ਹੀ ਜੋ ਹੋਏ ਉਹ ਹੁੰਦਾ ਏ। ਕੁਝ ਨਾ ਸੋਚ ਕੇ ਜਾਈਂ ਕਿ ਸਤਿਗੁਰੂ ਜੀ ਤੈਨੂੰ ਸਰਾਪ ਦੇ ਦੇਣ।'

'ਸਰਾਪ ਕੀ ਹੁੰਦਾ ਏ ਮਾਂ।'

ਉਹ ਗੁਸੇ ਹੋਣਗੇ ਕਿ ਤੂੰ ਉਹਨਾਂ ਦੀ ਪਰਖ ਕਰਦੀ ਏਂ। ਕਹੋ– ਸਤਿਨਾਮ ਵਾਹਿਗੁਰੂ !!

'ਸਤਿਨਾਮ ਵਾਹਿਗੁਰੂ !' ਦੀਪੋ ਨੇ ਆਖਿਆ ।

ਖੁਲੇ ਬਾਗ ਦੀ ਹਰੇ ਘਾਹ ਵਾਲੀ ਸੁੰਦਰ ਧਰਤੀ ਉਤੇ ਡੇਰੇ ਲੱਗ ਗਏ । ਸਾਰੇ ਸਤ ਸੰਗੀਆਂ ਨੇ ਪਹਿਲੇ ਸਤਲੁਜ ਵਿਚੋਂ ਇਸ਼ਨਾਨ ਕੀਤਾ, ਫਿਰ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਿਆ । ਦਾਨੋ ਵਾਸਤੇ ਇਹ ਗਲ ਨਵੀਂ ਸੀ ਕਿ ਗੁਰੂ ਕੇ ਲੰਗਰ ਵਿਚ ਸਾਰੇ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕ ਰਹੇ ਸਨ । ਅਮੀਰ ਤੇ ਗਰੀਬ, ਚਿਟੇ ਕਪੜਿਆਂ ਵਾਲੇ ਤੇ ਪਾਟੇ ਖਦਰ ਦੇ ਲੀੜਿਆਂ ਵਾਲੇ, ਬਰਾਹਮਣ ਤੇ ਨਾਈ, ਜੱਟ ਤੇ ਛੀਂਬੇ, ਚਮਾਰ ਤੇ ਤੇਲੀ, ਗੁਜਰ ਤੇ ਲੁਹਾਰ–ਗਲ ਕੀ ਸਾਰੇ ਜੁੜ ਕੇ ਬੈਠੇ ਸਨ, ਇਕ ਪ੍ਰਵਾਰ ਬਣਕੇ । ਕੋਈ ਕਿਸ ਕੋਲੋਂ ਘਿਰਣਾ ਨਹੀਂ ਸੀ ਕਰਦਾ' ਕੋਈ ਕਿਸੇ ਨੂੰ ਦੁਰਕਾਰਦਾ ਨਹੀਂ ਸੀ, ਕੋਈ ਕਿਸੇ ਨੂੰ 'ਉਏ ਕਰ ਕੇ ਨਹੀਂ ਸੀ ਬੁਲਾਉਂਦਾ, ਸਾਰੇ 'ਜੀ' ਜੀ ਕਰਦੇ ਸਨ, ਪਿਆਰ ਹੀ ਪਿਆਰ ਨਜ਼ਰ ਆਉਂਦਾ ਸੀ, ਜ਼ਰੇ ਜ਼ਰੇ ਵਿਚੋਂ ਮਧਮ ਜਿਹੀ ਅਮਨ ਧੁਨ ਉਪਜਦੀ ਸੀ, 'ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ।'

ਭਗਤੀ, ਸ਼ਰਧਾ ਅਤੇ ਪਰੇਮ ਤੇ ਉਤਸ਼ਾਹ ਨਾਲ ਤਿਆਰ ਕੀਤਾ ਗਿਆ ਗੁਰੂ ਕਾ ਲੰਗਰ ਇਕ ਅੰਮ੍ਰਿਤ ਵਸਤੂ ਸੀ । ਇਕ ਪ੍ਰਸ਼ਾਦੇ ਦੀਆਂ ਜਿੰਨੀਆਂ ਵੀ ਬੁਰਕੀਆਂ ਕੀਤੀਆਂ ਜਾਂਦੀਆਂ ਉਨੇ ਹੀ ਅੱਡ ਅੱਡ ਸਵਾਦ ਆਉਂਦੇ ਸਨ । ਦਾਲੇ ਦਾ ਸਵਾਦ ਵਖਰਾ ਹੀ ਸੀ। ਰਾਜੇ ਤੇ

ਅਮੀਰ ਹੈਰਾਨ ਸਨ ਕਿ ਉਹਨਾਂ ਤੇ ਘਰੀਂ ਤਿਆਰ ਹੁੰਦੇ ਛੱਤੀ ਪ੍ਰਕਾਰ ਦੇ ਖਾਣਿਆਂ ਵਿਚੋਂ ਅੱਧਾ ਸਵਾਦ ਨਹੀਂ ਸੀ ਆਉਂਦਾ, ਜਿਹੜਾ ਗੁਰੂ ਕੇ ਲੰਗਰ ਦੇ ਦਾਲ ਫੁਲਕੇ ਤੇ ਅਚਾਰੇ ਵਿਚੋਂ ਆ ਰਿਹਾ ਸੀ। ਦਿਲ ਦਮਾਗ ਦੇ ਕਿਵਾੜ ਖੁਲਦੇ ਜਾਂਦੇ ਸਨ। ਹਿਰਦੇ ਦੀ ਅਸ਼ਾਂਤੀ ਦੂਰ ਹੋ ਜਾਂਦੀ ਸੀ।

ਸਤਿਗੁਰੂ ਜੀ ਦੇ ਲੰਗਰ ਵਿਚ ਪ੍ਰਸ਼ਾਦਾ ਛੱਕ ਕੇ ਹੀ ਮਨੁਖ ਨਿਹਾਲ ਹੋ ਜਾਂਦੇ ਸਨ। ਉਸ ਵੇਲੇ ਭਾਰਤ ਵਿਚ ਮੁਗਲ ਰਾਜ ਸੀ। ਔਰੰਗਜ਼ੇਬ ਦੇ ਜ਼ੁਲਮਾਂ ਦੀ ਅੰਨ੍ਹੀ ਹਨੇਰੀ ਝੂਲ ਰਹੀ ਸੀ, ਫਿਰ ਵੀ ਅਨੇਕਾਂ ਦਾਨੀ ਸਨ, ਸੈਂਕੜੇ ਭੰਡਾਰੇ ਹੁੰਦੇ ਸਨ, ਪਰ ਸਤਿਗੁਰਾਂ ਜੀ ਦੇ ਲੰਗਰ ਸਮਾਨ ਕੋਈ ਨਹੀਂ ਸੀ। ਭੰਡਾਰੇ ਦੇ ਵਰਤਾਉਣ ਦਾ ਢੰਗ ਕੋਝਾ ਸੀ। ਕਿਤੇ ਗਰੀਬਾਂ ਨੂੰ ਇਉਂ ਦੂਰੋਂ ਰੋਟੀਆਂ ਸੁਟੀਆਂ ਜਾਂਦੀਆਂ ਜਿਵੇਂ ਕੁਤੇ ਵਲ ਸੁਟੀ ਦੀਆਂ ਹਨ। ਦਾਲ ਉਚਾ ਡਬਾ ਰਖ ਕੇ ਪਲਟੀ ਜਾਂਦੀ। ਮਹਾਦਾਨੀ ਸੇਠ ਤੇ ਧਰਮਾਤਮਾ ਗਰੀਬਾਂ ਦੇ ਨਾਲ ਨਾ ਲਗਦੇ। 'ਅਛੂਤ! ਅਛੂਤ!!' ਆਖ ਕੇ ਮਨੁਖ ਜਾਤੀ ਦਾ ਨਿਰਾਦਰ ਕਰਦੇ। ਕਿਤੇ ਸਵਰਨ ਜਾਤੀਆਂ ਦੇ ਸਾਧੂਆਂ ਨੂੰ ਪੱਕੇ ਭੋਜਨ ਖਵਾਏ ਜਾਂਦੇ, ਨੀਚ ਜਾਤੀ ਦੇ ਸਾਧੂਆਂ ਨੂੰ ਦੂਰ ਬਿਠਾਇਆ ਜਾਂਦਾ। ਰੱਬ ਦੀ ਭਗਤੀ ਕਰਨ ਵਾਲਿਆਂ ਵਿਚ ਵੀ ਏਕਤਾ ਤੇ ਪਰੇਮ ਨਹੀਂ ਸੀ। ਮਾਮੂਲੀ ਪਿੰਡ ਤੋਂ ਲੈ ਕੇ ਰਾਜ ਦਰਬਾਰ ਤਕ ਵਿਤਕਰੇ ਸਨ। ਊਚ, ਨੀਚ ਅਮੀਰ ਗਰੀਬ ਰਾਜਾ-ਪ੍ਰਜਾ ਵਿਚਾਲੇ ਲਕੀਰਾਂ ਖਿਚੀਆਂ ਹੋਈਆਂ ਸਨ। ਧੰਨ ਸਨ ਸਤਿਗੁਰੂ ਜੀ ਜਿਨ੍ਹਾਂ ਰੋਗੀ ਮਾਨਵਤਾ ਦੀ ਵੇਦਨਾ ਨੂੰ ਜਾਣਿਆ ਤੇ ਉਸ ਦਾ ਸਹੀ ਇਲਾਜ ਲਭਿਆ। ਭਾਰਤ ਦੀ ਗੁਲਾਮੀ, ਨਿਰਬਲਤਾ, ਗਰੀਬੀ ਦਾ ਕਾਰਣ ਹੀ ਜਾਤੀ ਵਿਤਕਰਾ ਸੀ। ਸੱਚੇ ਤੇ ਨਿਘੇ ਪਿਆਰ ਦੀ ਘਾਟ ਸੀ। ਉਹ ਘਾਟ ਸਤਿਗੁਰਾਂ ਨੇ ਪੂਰੀ ਕੀਤੀ ਤੇ ਗਿਦੜੋਂ ਸ਼ੇਰ ਬਣਾ ਦਿਤੇ। ਜਿਹੜੇ ਹਥਿਆਰ ਚੁਕਣ ਨੂੰ ਪਾਪ ਸਮਝਦੇ ਸਨ ਉਨ੍ਹਾਂ ਕੋਲੋਂ ਯੁਧ

ਕਰਵਾਏ।

ਦਾਨੀ, ਉਸ ਦੇ ਪਤੀ, ਬੱਚੇ ਤੇ ਦੀਪੋ ਨੇ ਨੇੜੇ ੨ ਬੈਠਕੇ ਪ੍ਰਸ਼ਾਦ ਛੱਕਿਆ। ਨਾ ਭੁਖ ਹੋਣ ਤੇ ਵੀ ਦੀਪੋ ਚਾਰ ਪ੍ਰਸ਼ਾਦੇ ਖਾ ਗਈ। ਖਾਂਦੀ ਹੋਈ ਓਹ ਆਪਣੀ ਮਾਂ ਨੂੰ ਆਖੀ ਜਾਂਦੀ ਸੀ 'ਮਾਂ ਦਾਲ ਬਹੁਤ ਸਵਾਦ ਏ। ਭਾਈ ਕੋਲੋਂ ਹੋਰ ਮੰਗ ਲਵਾਂ!'

ਵਰਤਾਵੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਦਾਲਾ ਤੇ ਪ੍ਰਸ਼ਾਦੇ ਵਰਤਾਉਂਦੇ ਸਨ।

'ਪ੍ਰਸ਼ਾਦਾ ਜੀ!'

'ਦਾਲਾ ਜੀ।'

'ਜਲ ਜੀ।'

'ਅਚਾਰ ਜੀ।'

ਐਸੇ ਮਿੱਠੇ ਸ਼ਬਦਾਂ ਨਾਲ ਗੁਰੂ ਕੇ ਲੰਗਰ ਦਾ ਸਾਰਾ ਵਾਤਾਵਰਨੀ ਗੂੰਜਦਾ ਸੀ। ਪ੍ਰਸ਼ਾਦ ਛੱਕਕੇ ਸੰਗ ਡੇਰੇ ਆ ਗਿਆ ਆਮੋ-ਸਾਹਮਣੇ ਆਸਣਾਂ ਤੇ ਬਰਾਜਮਾਨ ਹੋ ਗਏ। ਥਕੇਵੇਂ ਦੇ ਕਾਰਨ ਗੂਹੜੀ ਨੀਂਦ ਸੁਤੇ। ਉਸ ਵੇਲੇ ਹੀ ਬਹੁਤਿਆਂ ਦੀ ਅੱਖ ਖੁਲੀ ਜਦੋਂ ਅੰਮ੍ਰਿਤ ਵੇਲੇ ਰਣਜੀਤ ਨਗਾਰਾ ਖੜਕਿਆ। ਰਣਜੀਤ ਨਗਾਰੇ ਦਾ ਖੜਕਣਾ ਅੰਮ੍ਰਿਤ ਵੇਲੇ ਦੀ ਚਿਤਾਵਨੀ ਸੀ।

੩.

ਰਿਸ਼ੀ ਮੁਨੀਆਂ ਦੀ ਧਰਤੀ ਕੈਲਾਸ਼ ਪ੍ਰਬਤ ਅਤੇ ਝੀਲ ਮਾਨਸਰੋਵਰ ਵਿਚੋਂ ਜਨਮ ਲੈ ਕੇ ਮੈਦਾਨਾਂ ਵਲ ਆਉਣ ਵਾਲਾ ਦਰਿਆਏ ਸਤਲੁਜ ਉਮਰ ਵਿਚ ਉਨ੍ਹਾਂ ਹੀ ਬੁਢਾ ਹੈ, ਜਿਨ੍ਹਾ ਹਿਮਾਲਾ ਪ੍ਰਬਤ ਜਾਂ ਜਲ। ਆਰੀਆ ਕਾਲ ਵਿਚ ਇਸ ਦਰਿਆ ਦਾ ਬੜਾ ਸਤਿਕਾਰ ਸੀ। ਇਸਦੇ ਕਿਨਾਰੇ ਬੈਠਕੇ ਰਿਸ਼ੀਆਂ ਨੇ ਉਹ ਮੰਤਰ ਉਚਾਰੇ ਸਨ ਜਿਹੜੇ ਰਿਗ ਵੇਦ ਵਿਚ ਮਿਲਦੇ ਹਨ। ਭਾਰਤ ਦੀ ਸੰਸਕ੍ਰਿਤੀ ਦਾ ਜਨਮ ਦਾਤਾ ਰਿਹਾ। ਇਸਦੇ ਜਲ ਵਿਚੋਂ ਅਜੇ ਵੀ ਵੇਦ ਮੰਤਰਾਂ ਦੀ ਗੂੰਜ ਸੁਣਾਈ ਦਿੰਦੀ ਹੈ। ਇਸ ਅਮਰ

ਦਰਿਆ ਦਾ ਜਲ ਠੰਡਾ ਤੇ ਮਿੱਠਾ ਹੈ। ਮੈਦਾਨੀ ਇਲਾਕਿਆਂ ਵਿਚ ਭਾਵੇਂ ਇਸ ਨੇ ਆਪਣੇ ਕਈ ਵਹਿਣ ਬਦਲੇ, ਪਰ ਸ੍ਰੀ ਅਨੰਦ ਪੁਰ ਤੇ ਉਸ ਦੇ ਉਪਰ ਪਹਾੜਾਂ ਵਿਚ ਇਸਦਾ ਵਹਿਣ ਸੱਦੀਆਂ ਤੋਂ ਇਕੋ ਚਲਿਆ ਆਉਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ–ਜਿਹੜੇ ਹਿੰਦ ਦੀ ਚਾਦਰ ਸਨ–ਨੇ ਸਤਲੁਜ ਦੇ ਖੱਬੇ ਕਿਨਾਰੇ ਮਾਕੋਵਾਲ ਦਾ ਟਿੱਬਾ ਖਰੀਦ ਕੇ ਨਵਾਂ ਨਗਰ ਵਸਾਇਆ ਤੇ ਉਸਦਾ ਨਾਮ ਰਖਿਆ ਅਨੰਦਪੁਰ। ਜਿਥੇ ਸਦਾ ਅਨੰਦ ਰਹੇ। ਗਮ, ਦੁਖ, ਉਦਾਸੀ ਤੇ ਭੁਖ ਕਦੀ ਨਾ ਆਏ। ਸੱਸਾਂਰਕ ਝਮੇਲਿਆਂ ਤੋਂ ਦੂਰ ਰਹਿ ਕੇ ਮਨੁਖ ਆਪਣੇ ਕਰਤੇ ਕਰਤਾਰ ਨੂੰ ਯਾਦ ਕਰ ਸਕੇ।

ਸਤਿਗਰ ਜੀ ਦੇ ਕੋਲ ਮਾਕੋਵਾਲ ਦਾ ਟਿਬਾ ਵੇਚਣ ਵਾਲੇ ਨੇ ਕਿਹਾ ਸੀ:–'ਮਹਾਰਾਜ! ਇਹ ਥਾਂ ਲੈ ਲਵੋ, ਪਰ ਫਿਰ ਨਾ ਕਹਿਣਾ, ਏਥੇ ਭੂਤ ਪਰੇਤ ਤ ਜਿੰਨ ਵਿਓ ਰਹਿੰਦ ਹਨ। ਦਿਨੇ ਘਰ ਬਨਾਈਏ ਤਾਂ ਰਾਤ ਨੂੰ ਉਹ ਸਾਰੇ ਢਾਹ ਸੁਟਦੇ ਹਨ। ਕਈ ਵਾਰ ਪਿੰਡ ਵਸਿਆ ਤੇ ਕਈ ਵਾਰ ਢਠਾ ਹੈ, ਵੇਖ ਲਓ ਫਿਰ ਨਾ ਮੈਨੂੰ ਆਖਿਓ।'

ਦੀਨ-ਦੁਨਿਆਂ ਦੇ ਮਾਲਕ ਦਇਆ ` ਭਗਤੀ ਦੇ ਪ੍ਰਤਖ ਰੂਪ ਸਤਿਗੁਰੂ ਜੀ ਨੇ ਵਚਨ ਕੀਤਾ ਸੀ-'ਸਤਿਗੁਰ ਨਾਨਕ ਦੇਵ ਜੀ ਦ ਦਰਬਾਰ ਨੂੰ ਭੂਤ ਪਰੇਤ ਸਭ ਨਿਮਸਕਾਰ ਕਰਨਖੇ। ਅਜ ਤੋਂ ਇਥੇ ਬਣਿਆ ਕੋਈ ਘਰ ਨਹੀਂ ਢਠੇਗਾ। ਪੁਰੀ ਸਦਾ. ਅਨੰਦ ਦੀ ਪੁਰੀ ਰਹੇਗੀ। ਕਈ ਸਮਾਂ ਆਏਗਾ-ਇਹ ਪੁਰੀ ਸੰਸਾਰ ਨੂੰ ਨਵਾਂ ਜੀਵਨ ਰਾਹ ਦਸੇਗੀ, ਨਵੀਂ ਰੌਸ਼ਨੀ ਬਖਸ਼ੇਗੀ ਅਨ ਜਲ ਦੁਧ ਦੀ ਘਾਟ ਨਹੀਂ ਆਏਗੀ।'

ਸਤਿਗੁਰੂ ਜੀ ਦੇ ਬਚਨ ਸਤ ਹੋਏ। ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੰਦ ਪੁਰ ਸਚ ਮੁਚ ਹੀ ਨਵੇਂ ਗਿਆਨ ਦਾ ਕੇਂਦਰ ਬਣ ਗਿਆ। ਦੂਰੋਂ ੨ ਲੋਕ ਆ ਕੇ ਗਿਆਨ ਪ੍ਰਾਪਤ ਕਰਨ ਲਗ ਤੇ ਮਹਾਰਾਜ ਦੇ ਦਰਬਾਰ ਵਿਚ ਪ੨ ਕਵੀ ਰਹਿਣ ਲਗੇ ਸਨ। ਢਾਡੀ ਤੇ ਰਾਗੀ ਬੇ-ਅੰਤ

ਸਨ। ਅਨੰਦ ਪੁਰ ਰੋਗੀਆਂ ਵਾਸਤੇ ਹਸਪਤਾਲ ਸੀ, ਭੁਖਿਆਂ ਤੇ ਨੰਗਿਆਂ ਲਈ ਭੰਡਾਰਾ, ਕਲਾਕਾਰਾਂ ਅਤੇ ਵਿਦਵਾਨਾਂ ਲਈ ਵਿਸ਼ਵ ਵਿਦਿਆਲਾ ਸੈਨਿਕ ਰਗਰੂਆਂ ਵਾਸਤੇ ਇਕ ਸੈਨਿਕ ਸਕੂਲ, ਗੁਲਾਮਾਂ ਵਾਸਤੇ ਸੁਤੰਤ੍ਰਤਾ ਦਾ ਘਰ, ਭਗਤਾਂ ਤੇ ਪ੍ਰਭੂ ਪਰੇਮਿਆਂ ਵਾਸਤੇ ਕਾਂਸ਼ੀ ਸੀ। ਜੈਸੀ ਕੋਈ ਮਨ ਵਿਚ ਇਛਾ ਧਾਰ ਕੇ ਆਉਂਦਾ, ਵੈਸੀ ਹੀ ਉਸਦੀ ਇਛਾ ਪੂਰੀ ਹੁੰਦੀ ਸੀ। ਅਜ ਪੌਣੇ ਤਿੰਨ ਸੌ ਸਾਲ ਪਿਛੋਂ ਤਾਂ ਹੋਰ ਦੇ ਹੋਰ ਹੀ ਰੰਗ ਬਦਲ ਗਏ। ਭਾਖੜਾ-ਨੰਗਲ ਦੇ ਰਾਹੀਂ ਸਤਲੁਜ ਦੇ ਜਲ ਤੋਂ ਬਿਜਲੀ ਲਈ ਜਾ ਰਹੀ ਹੈ। ਨਹਿਰਾਂ ਕਢੀਆਂ ਜਾ ਰਹੀਆਂ ਹਨ ਤੇ ਨਵੇਂ ਨਗਰ ਵਸ ਰਹੇ ਹਨ। ਹੁਣ ਅਨੰਦ ਪੁਰ ਰੇਲ ਵੀ ਚਲੀ ਗਈ ਤੇ ਰੇਲਵੇ ਸਟੇਸ਼ਨ ਸਤਿਗੁਰ ਜੀ ਦੇ ਦਰਬਾਰ ਦੇ ਸਾਹਮਣੇ ਬਣਿਆ ਹੈ। ਜਦੋਂ ਸੰਸਾਰ ਨੂੰ ਗਿਆਨ ਰੋਸ਼ਨੀ ਮਿਲੀ ਸੀ, ਉਥੇ ਅਜ ਬਿਜਲੀ ਰੋਸ਼ਨੀ ਵੀ ਮਿਲ ਰਹੀ ਹੈ। ਅਨੰਦ ਪੁਰੀ ਦੀ ਹਵਾ ਵਿਚ ਅਜੇ ਵੀ ਅਨੰਦ ਪੁਰੀ ਦਾ ਮਾਲਕ ਕਲਗੀਆਂ ਬਾਜ਼ਾਂ ਵਾਲਾ ਸਤਿਗੁਰੂ ਵਸਦਾ ਹੈ। ਗਿਆਨ ਦੀਆਂ ਅਖਾਂ ਨਾਲ ਮਿਲਦਾ ਹੈ।

ਦਾਨੀ ਤੇ ਨਿਹਾਲਾ ਵੀ ਪ੍ਰਭਾਤੇ ਉਠੇ, ਦੋਹਾਂ ਬੱਚਿਆਂ ਨੂੰ ਵੀ ਉਠਾ ਲਿਆ ਤੇ ਸਤਲੁਜ ਦੇ ਕਿਨਾਰੇ ਜਾ ਬੈਠੇ। ਰਾਤ ਦੀ ਤਰਲ ਨਾਲ ਠੰਡੀ ਹੋਈ ਦਰਿਆ ਦੀ ਰੇਤ ਬਹੁਤ ਪਿਆਰੀ ਲਗਦੀ ਸੀ ਨਵੀਆਂ ਰੀਝਾਂ ਨਾਲ ਸਾਰਿਆਂ ਨੇ ਨਿਰਮਲ ਜਲ ਵਿਚ ਇਸ਼ਨਾਨ ਕੀਤਾ ਤੇ ਡੇਰੇ ਆ ਗਏ। ਸੰਗ ਦੇ ਸਾਰੇ ਸਤਿਸੰਗੀਆਂ ਨੇ ਉਹ ਸਾਰੀਆਂ ਵਸਤੂਆਂ ਚੁਕੀਆਂ, ਜੋ ਸਤਿਗੁਰੂ ਜੀ ਦੇ ਦਰਬਾਰ ਵਿਚ ਚੜ੍ਹਾਉਣੀਆਂ ਸਨ। ਜਿੰਨੀ ਕਿਸੇ ਦੀ ਪਹੁੰਚ ਸੀ, ਉਨੀ ਹੀ ਕੀਮਤੀ ਉਸ ਦੀ ਭੇਟਾ ਸੀ, ਦਾਨੀ ਨੇ ਚਾਰ ਖਦਰ ਦੇ ਰੇਜ਼ੇ, ਰੰਗਾਰੰਗ ਨਾਲ ਕਢੀ ਹੋਈ ਇਕ ਫੁਲਕਾਰੀ ਸਤਿਗੁਰੂ ਜੀ ਦੇ ਦਰਬਾਰ ਵਾਸਤੇ ਘਰੋਂ ਲਿਆਂਦੀ ਸੀ, ਉਪਰ ਪੰਜ ਰੁਪਏ ਰਖ ਲਏ, ਇਸੇ ਤਰ੍ਹਾਂ ਹੀ ਦਸਿਆ ਗਿਆ ਸੀ।

ਦਾਨੀ ਦੀ ਗਵਾਂਢਣ ਨੇ ਤਾਂ ਇਹ ਵੀ ਕਿਹਾ ਸੀ–'ਸਤਿਗੁਰੂ ਜੀ

ਤਾਂ ਪਰੇਮ ਭਗਤੀ ਦੇ ਭੁਖੇ ਹਨ, ਧਨ, ਪਦਾਰਥ ਦੇ ਨਹੀਂ। ਉਹ ਆਪ ਪ੍ਰਮੇਸ਼ਰ ਹਨ—ਉਨ੍ਹਾਂ ਦੇ ਦਰਬਾਰ ਵਿਚ ਰਿਧੀਆਂ ਸਿਧੀਆਂ ਖੁਦ ਹਾਜ਼ਰ ਹੋ ਕੇ ਸੇਵਾ ਕਰ ਰਹੀਆਂ ਹਨ। ਜੋ ਕੁਝ ਤਿਲ ਫਲ ਸਰਦਾ ਹੈ ਲੈ ਚਲ। ਜਦੋਂ ਉਹ ਮਿਹਰ ਕਰਨਗੇ, ਤਦੋਂ ਜਿਵੇਂ ਮਨ ਚਾਹ ਕਰੀਂ। ਰਵਿਦਾਸ ਭਗਤ ਦਾ ਇਕ ਕਸੀਰਾ ਗੰਗਾਂ ਮਈਆ ਨੇ ਪਰਵਾਨ ਕਰ ਲਿਆ ਸੀ. ਸ਼ਰਧਾ ਨਾਲ ਇਕ ਟਕਾ ਚੜ੍ਹਾਇਆ ਵੀ ਪ੍ਰਵਾਨ ਚੜ੍ਹਦਾ ਹੈ।'

ਮਿਹਨਤੀ ਕਿਸਾਨਾਂ ਕੋਲੋਂ ਜੋ ਕੁਝ ਪੁਜ ਸਕਦਾ ਸੀ, ਉਹ ਉਨ੍ਹਾਂ ਕੀਤਾ।

ਢੋਲਕੀ ਤੇ ਛੈਣਿਆਂ ਦੇ ਜਥੇ ਅਗੇ ਲਗੇ, ਉਨ੍ਹਾਂ ਦੇ ਪਿਛੇ ਸ਼ਰਧਾਲੂ ਸਿਖ, ਗੁਰੂ ਜਸ ਗਾਉਂਦੇ ਹੋਏ ਸਤਿਗੁਰੂ ਜੀ ਦੇ ਦਰਬਾਰ ਵਿਚ ਪੁਜੇ, ਇਕ ਬਹੁਤ ਵਡੇ ਸ਼ਮਿਆਨੇ ਦੇ ਹੇਠਾਂ ਦਰਬਾਰ ਸੀ। ਸਤਿਗੁਰੂ ਜੀ ਦੇ ਤਖਤ ਉਪਰ ਬਹੁ-ਮੁਲੀ ਚਾਦਰ ਤਾਣੀ ਹੋਈ ਸੀ। ਉਹੋ ਆਸਣ ਤੇ ਸਤਿਗੁਰੂ ਜੀ ਬਰਾਜਮਾਨ ਸਨ। ਰਬੀ ਨੂਰ ਭਰਿਆ ਚਿਹਰਾ ਦੇਖਕੇ ਹਰ ਇਕ ਦਾ ਦਿਲ ਖਿਚਿਆ ਜਾਂਦਾ ਸੀ। ਸੁੰਦਰ ਲਿਬਾਸ, ਗਲ ਮੋਤੀਆਂ ਦੀ ਮਾਲਾ, ਸੀਸ ਤੇ ਕਲਗੀ ਸ਼ੋਭਾ ਦਿੰਦੀ ਸੀ। ਇਕ ਸੇਵਾਦਾਰ ਚੌਰ ਕਰ ਰਿਹਾ ਸੀ ਬਾਕੀ ਦੇ ਲਾਗੇ ਖਲੋਤੇ ਮਸੰਦ ਸਤਿਗੁਰੂ ਜੀ ਦੇ ਹਰ ਇਸ਼ਾਰੇ ਤੇ ਅਮਲ ਕਰਨ ਨੂੰ ਤਿਆਰ ਬਰ ਤਿਆਰ ਬੈਠ ਸਨ। ਰੰਗ ਭੂਮੀ ਦੇ ਅਗੇ ਦੋਹੀਂ ਪਾਸੀਂ ਸਿਖ ਬੈਠੇ ਹੋਏ ਸਨ, ਸਾਰੇ ਦੇ ਸਾਰੇ ਭਾਰਤੀ ਤੇ ਬੀਰਤਾ ਦੇ ਰੰਗ ਨਾਲ ਰੰਗੇ ਹੋਏ ਸ਼ਾਂਤ ਚਿਤ ਬੈਠੇ ਹੋਏ ਮਹਾਰਾਜ ਦੇ ਕੌਤਕ ਦੇਖ ਰਹੇ ਸਨ।

ਇਕ ਇਕ ਕਰਕੇ ਸਿਖ ਤੇ ਸ਼ਰਧਾਲੂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਏ। ਸਾਰਿਆਂ ਨੇ ਸ਼ਰਧਾ ਦੇ ਫੁਲ ਭੇਟ ਕੀਤੇ। ਦਾਨੀ ਤੇ ਨਿਹਾਲੇ ਦੀ ਵਾਰੀ ਆਈ, ਉਹ ਪਹਿਲੀ ਵਾਰ ਸਤਿਗੁਰੂ ਜੀ ਦੇ ਦਰਬਾਰ ਵਿਚ ਪੁਜੇ ਸਨ, ਉਨ੍ਹਾਂ ਦੇ ਮਾਸੂਮ ਦਿਲ ਭੈ ਨਾਲ ਥਰ ਥਰਾਂਦੇ ਸਨ ਕਿ ਕੋਈ ਅਵਗਿਆ ਨਾ ਹੋ ਜਾਏ, ਕਿਤੇ ਉਹ ਦਰਬਾਰ ਵਿਚੋਂ ਕਢੇ ਨਾ ਜਾਣ।

ਅੰਤ੍ਰਯਾਮੀ ਸਤਿਗੁਰੂ ਜੀ ਉਨ੍ਹਾਂ ਦੇ ਦਿਲ ਦੇ ਵਹਿਮ ਨੂੰ ਜਾਣ ਗਏ। ਜਦੋਂ ਨਿਹਾਲੇ ਨੇ ਮੱਥਾ ਟੇਕਿਆ ਤੇ ਸਤਿਗੁਰੂ ਜੀ ਦੇ ਚਰਨਾ ਦੀ ਛੋਹ ਪ੍ਰਾਪਤ ਕੀਤੀ ਤਾਂ ਦਾਨੀ ਦੀ ਵਾਰੀ ਆਈ। ਉਸਨੇ ਵੀ ਮੱਥਾ ਟੇਕਿਆ। ਹੱਥ ਜੋੜਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਉਸਦਾ ਹਿਰਦਾ ਉਸੇ ਤਰ੍ਹਾਂ ਖੇੜੇ ਵਿਚ ਆ ਗਿਆ ਜਿਵੇਂ ਕਮਲ ਫੁਲ ਪ੍ਰਾਪਤ ਸਮੇਂ ਸੂਰਜ ਦੀਆਂ ਪਹਿਲੀਆਂ ਸੁਨਹਿਰੀ ਕਿਰਨਾਂ ਨਾਲ ਖੇੜੇ ਵਿਚ ਆਉਂਦਾ ਹੈ। ਨਿਹਾਲੇ ਵੀ ਭਗਤੀ ਰੰਗ ਵਿਚ ਰੰਗਿਆ ਗਿਆ ਜਨਮ-ਮਰਨ ਦੇ ਬੰਧਨ ਟੁਟ ਗਏ। ਉਹ ਸੁਤੰਤਰ ਵੀ ਹੋਈ ਤੇ ਗੁਲਾਮ ਵੀ। ਇਕ ਦੀ ਸੇਵਕ ਹੋ ਗਈ। ਕਲਗੀਆਂ ਵਾਲੇ ਦੀ ਮੋਹਨੀ ਮੂਰਤ ਹਿਰਦੇ ਉਤੇ ਉਕਰੀ ਗਈ। ਚਰਨਾ ਨਾਲ ਸਿਰ ਜੁੜਿਆ ਜੁੜ ਗਿਆ ਚੁੰਮਕ ਲੋਹੇ ਦੀ ਤਰ੍ਹਾਂ, ਅੱਖਾਂ ਪਥਰਾ ਗਈਆਂ। ਹਿਰਦਾ ਪਰੇਮ ਤੇ ਸ਼ਰਧਾ ਦੇ ਜੋਸ਼ ਨਾਲ ਉਛਲ ਗਿਆ। ਦਾਤਾ! ਬਖਸ਼ੋ!! ਜਨਮ ਦੀ ਭੁਲੀ ਨੂੰ ਬਖਸ਼ੋ?'

'ਉਠ ਪੁਤਰੀ! ਸਤਿਗੁਰੂ ਜੀ ਦਾ ਧਿਆਨ ਕਰ। ਸਤਿਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚੋਂ ਕਦੀ ਕੋਈ ਖਾਲੀ ਨਹੀਂ ਗਿਆ। ਤੇਰੀ ਬੇਨਤੀ ਪ੍ਰਵਾਨ ਹੋ ਗਈ।' ਸਤਿਗੁਰੂ ਜੀ ਨੇ ਬਚਨ ਕੀਤਾ।

ਦਾਨੀ ਦੇ ਮਿਰਗ ਨੈਣ ਸਫਲ ਹੋ ਗਏ ਗੁਰੂ ਘਰ ਤੋਂ ਬਲਿਹਾਰੇ ਜਾਣ ਵਾਸਤੇ ਦਿਲ ਹੰਝੂ ਬਣ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਡਿਗ ਗਿਆ। ਉਸੇ ਤਰ੍ਹਾਂ ਜਿਵੇਂ ਸੂਰਜ ਦੇਵਤਾ ਦੇ ਆਗਮਨ ਵਿਚ ਆਪਣੇ ਪਿਆਰ ਨੂੰ ਤਰੇਲ ਮੋਤੀਆਂ ਦੇ ਰੂਪ ਵਿਚ ਬਨਾਸਪਤੀ ਤੇ ਹਰੇ ਘਾਹ ਦੀਆਂ ਕਰੂੰਬਲਾਂ ਤੇ ਖਿਲਾਰਦੀ ਹੈ। ਸੂਰਜ ਦੇਵਤਾ ਉਸ ਦੀ ਪਰੇਮ ਭੇਟਾ ਨੂੰ ਪ੍ਰਵਾਨ ਕਰਦਾ ਹੋਇਆ ਆਪਣੀਆਂ ਤੇਜ਼ ਕਿਰਨਾਂ ਦੀਆਂ ਨੋਕਾਂ ਰਾਹੀਂ ਚੁਣ ਲੈਂਦਾ ਹੈ।

ਦਾਨੀ ਦੀ ਆਤਮਾ ਉਤੇ ਜੋ ਅਗਿਆਨਤਾ ਤੇ ਭਰਮਾਂ ਦੇ ਧਬੇ ਸਨ ਉਹ ਉਡ ਗਏ, ਆਤਮਾ ਸ਼ੀਸ਼ੇ ਵਾਂਗ ਨਿਰਮਲ ਹੋ ਗਈ। ਉਸਨੇ ਇਕ ਵਾਰ ਫਿਰ ਮਥਾ ਟੇਕਿਆ ਤੇ ਉਠੀ ਲਾਗੇ ਖਲੋਤੀ ਮਾਸੂਮ ਦੀਪੋ

ਨੂੰ ਇਸ਼ਾਰਾ ਕੀਤਾ ਕਿ ਉਹ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕੇ।

ਦੀਪੋ ਬੜੀ ਹੈਰਾਨੀ ਨਾਲ ਸਤਿਗੁਰੂ ਜੀ ਵਲ ਵੇਖੀ ਜਾਂਦੀ ਸੀ। ਉਸਨੇ ਰਾਜਿਆਂ ਦੀਆਂ ਬਾਤਾਂ ਸੁਣੀਆਂ ਸਨ ਬਾਤਾਂ ਵਿਚ ਜਿੰਨੀਆਂ ਚੀਜ਼ਾਂ ਉਸ ਨੂੰ ਯਾਦ ਸਨ ਉਹ ਸਭ ਦੇਖੀਆਂ। ਕਲਗੀ ਵਿਚ ਹੀਰੇ ਜੜੇ ਹੋਏ, ਗਲ ਮੋਤੀਆਂ ਦੀ ਮਾਲਾ, ਸੁਨਹਿਰੀ ਚੋਗਾ, ਕੋਲ ਤਲਵਾਰ, ਚੌਰ ਹੁੰਦਾ, ਤਖਤਰੂਪ ਆਸਨ ਤੇ ਵਿਰਾਜਮਾਨ ਸਤਿਗੁਰੂ ਜੀ ਸੱਚ ਮੁਚ ਮਹਾਰਾਜੇ ਸਨ ਧਰਤੀ ਦੇ ਰਾਜੇ ਨਹੀਂ ਦਿਲਾਂ ਦੇ ਰਾਜੇ, ਅਮੁਕ ਖਜ਼ਾਨਿਆਂ ਦੇ ਮਾਲਕ।

ਦੀਪੋ ਆਪਣੀ ਨਿਕੀ ਸਮਝ ਨਾਲ ਬਹੁਤ ਕੁਝ ਸੋਚਦੀ ਰਹੀ ਉਸ ਨੂੰ ਇਹ ਵੀ ਚੇਤੇ ਆ ਗਿਆ, ਜੋ ਉਸਦੀ ਮਾਤਾ ਨੇ ਕਿਹਾ ਸੀ 'ਸਤਿਗੁਰੂ ਜੀ ਦਿਲਾਂ ਦੀਆਂ ਜਾਣ ਜਾਂਦੇ ਹਨ,' ਜ਼ਰੂਰ ਦਿਲਾਂ ਦੀਆਂ ਜਾਣ ਲੈਂਦੇ ਹੋਣਗੇ।' ਉਸ ਦੇ ਦਿਲ ਦੀ ਆਵਾਜ਼ ਸੀ। ਆਪਣੀ ਮਾਤਾ ਦਾ ਇਸ਼ਾਰਾ ਪਾ ਕੇ ਉਹ ਅਗੇ ਵਧੀ ਤੇ ਨਿਕੇ ਹੱਥ ਜੋੜ ਕੇ ਉਸਨੇ ਸਤਿਗੁਰੂ ਜੀ ਦੇ ਕਮਲ ਚਰਨ ਉਪਰ ਮੱਥਾ ਟੇਕਿਆ। ਮੇਹਰਾਂ ਦੇ ਸਾਗਰ, ਮਾਸੂਮਾਂ ਦੇ ਵਾਰਸ ਸਤਿਗੁਰੂ ਜੀ ਨੇ ਉਸ ਦੇ ਸਿਰ ਨੂੰ ਆਪਣੇ ਕਰ ਕਮਲਾਂ ਉਪਰ ਚੁੱਕ ਲਿਆ। ਉਪਰ ਉਠਾਇਆ ਲਾਗ ਕਰਕੇ ਸਿਰ ਤੇ ਹੱਥ ਰਖਿਆ ਪੁਤਰੀ ! ਦੀਪ !! ਤੂੰ ਤਾਂ ਇਕ ਦੀਪ (ਟਾਪੂ) ਵਾਂਗ ਇਸ ਸੰਸਾਰ ਸਾਗਰ ਵਿਚ ਅਡੋਲ, ਅਜਿਤ ਰਹਿਣਾ ਹੈ। ਤੇਰੇ ਮਨ ਦੀਆਂ ਸਾਰੀਆਂ ਭਾਉਣੀਆਂ ਪੂਰੀਆਂ ਹੋਣਗੀਆਂ। ਪੁਤਰੀ ਨਾਮ ਸਿਮਰਨ ਕਰੀਂ—ਅਕਾਲ ਸਹਾਈ ਹੋਵੇਗਾ ਬਹਾਦਰ ਬਣਨਾ ਬਹਾਦਰ।'

ਬਚਨ ਹੋ ਗਏ ਦੀਪੋ ਨਿਹਾਲ ਹੋ ਗਈ, ਆਪ ਸਤਿਗੁਰੂ ਜੀ ਨੇ ਸਿਰ ਤੇ ਹਥ ਰਖ ਦਿਤਾ। ਜਿਸ ਦੇ ਸਿਰ ਉਤੇ ਸਤਿਗੁਰੂ ਦਾ ਹੱਥ ਉਸ ਨੂੰ ਫਿਰ ਕਿਸ ਦੀ, ਕਾਣ? ਦੀਪੋ ਦੇ ਭਰਾ ਨੇ ਵੀ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ। ਸਤਿਗੁਰੂ ਜੀ ਪਾਸੋਂ ਅਸੀਸ ਲਈ ਤੇ ਤਿੰਨੇ

ਦੀਵਾਨ ਵਿਚ ਬੈਠ ਗਏ।

ਜਿੰਨੀ ਸੰਗਤ ਦੀਵਾਨ ਵਿਚ ਆਉਂਦੀ ਸੀ, ਆ ਗਈ ਤਾਂ ਸਤਿਗੁਰੂ ਜੀ ਨੇ ਉਪਦੇਸ਼ ਕਰਨਾ ਸ਼ੁਰੂ ਕੀਤਾ। ਮਿਹਰਾਂ ਦੇ ਸਾਈਂ—ਪ੍ਰੀਤਮ ਪਿਆਰ ਦੇ ਉਚਾਰ ਹੋਏ ਬਚਨ ਅਮੋਲਕ ਸਨ। ਸਰੋਤਿਆਂ ਦੇ ਜੀਵਨ ਨੂੰ ਬਦਲੀ ਦੇਂਦੇ ਸਨ। ਸਾਹਿਬਾਂ ਨੇ ਫੁਰਮਾਇਆ:

.......ਕਲ ਵੀ ਆਪ ਦੀ ਮਹਿਮਾ ਹੋਈ ਸੀ ਨਾਮ ਸਿਮਰਨ ਕਰਨ ਵਾਲਾ ਜੀਵ ਸਭ ਤੋਂ ਵਡਾ ਹੁੰਦਾ ਹੈ। ਉਸ ਨੂੰ ਰਾਜਾ ਕਹੋ, ਜਾਂ ਅਮੀਰ ਕਹੋ ਜਾਂ ਭਾਗਾਂ ਵਾਲਾ ਕਹੋ। ਸਤਿਗੁਰੂ [ਪੰਜਵੀਂ ਪਾਤਸ਼ਾਹੀ] ਜੀ ਦਾ ਮਹਾਵਾਕ ਹੈ।

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥
ਨਾਮੁ ਬਿਨਾ ਜਨਮੁ ਬਿਰਥਾ ਜਾਏ ॥੧॥

ਇਸ ਦਾ ਭਾਵਰਥ ਹੈ ਕਿ ਜਿਸਦੇ ਵੀ ਹਿਰਦੇ ਵਿਚ ਨਾਮ ਵਸਿਆ ਹੈ, ਉਹ ਵਡਾ ਰਾਜਾ ਹੈ, ਹਿਰਦੇ ਵਿਚ ਨਾਮ ਦਾ ਵਾਸ ਰਖਣ ਵਾਲੇ ਦੇ ਸਾਰੇ ਕਾਰਜ ਆਪੇ ਹੀ ਸਰੇ ਹਨ। ਨਾਮ ਦਿਲ ਵਿਚ ਵਸਾਉਣ ਵਾਲਾ ਕਰੋੜਾਂ ਰੁਪਏ ਦਾ ਧਨ ਰਖਦਾ ਹੈ ਤੇ ਜੋ ਨਾਮ ਹੀਣ ਹੈ, ਨਾਮ ਦਾ ਸਿਮਰਨ ਨਹੀਂ ਕਰਦਾ ਉਹ ਤਾਂ ਆਪਣਾ ਜਨਮ ਐਵੇਂ ਗਵਾਉਂਦਾ ਹੈ। ਉਸ ਦੇ ਜੀਵਨ ਦਾ ਲਾਭ ਕੁਝ ਵੀ ਨਹੀਂ।

ਵੀਰੋ ਬੜੇ ਚਾਹ ਨਾਲ ਸਤਿਗੁਰੂ ਜੀ ਦੇ ਬਚਨ ਸੁਣਨ ਲਗੀ ਠੀਕ ਉਸੇ ਤਰਾਂ ਜਿਵੇਂ ਕਦੀ ਬਾਬਾ ਬੁੱਢਾ ਜੀ ਬਾਲ ਅਵਸਥਾ ਵਿਚ ਬਾਬੇ ਨਾਨਕ ਜੀ ਪਾਸੋਂ ਸੁਣਿਆ ਕਰਦੇ ਸਨ। ਜਦੋਂ ਸਤਿਗੁਰੂ ਜੀ ਨੇ ਇਹ ਤੁਕ ਪੜੀ-

"ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ।"

ਭਾਵ: ਜਿਸ ਦੇ ਹਿਰਦੇ ਵਿਚ ਨਾਮ ਵਸਦਾ ਹੈ, ਉਸਦੇ ਸਰੀਰਕ

ਬੱਲ ਕਰੋੜਾਂ ਫੌਜਾ ਜਿੰਨਾ ਹੋ ਜਾਂਦਾ ਹੈ। ਸਤਿਗੁਰੂ ਨੇ ਇਸ ਤੁਕ ਨੂੰ ਖੋਲ੍ਹਦਿਆਂ ਹੋਇਆਂ ਸੰਗਤ ਨੂੰ ਦਸਿਆ, ਜਿਸ ਦੇ ਹਿਰਦੇ ਵਿਚ ਨਾਮ ਬਾਣੀ ਦਾ ਵਾਧਾ ਹੋਏ ਤੇ ਹੱਥ ਵਿਚ ਤੇਗ ਹੋਵੇ ਤਾਂ ਉਹ ਸੰਤ ਸਿਪਾਹੀ ਬਣ ਜਾਂਦਾ ਹੈ ਕਿਉਂਕਿ ਉਹ ਸ਼ੈਤਾਨੀ ਸ਼ਕਤੀਆਂ ਕੋਲੋਂ ਆਪਣੇ ਆਪ ਤੇ ਆਪਣੇ ਸਵੈਸਤਕਾਰ ਨੂੰ ਬਚਾਉਣ ਲਈ ਯੁਧ ਕਰਦਾ ਹੈ, ਇਸ ਲਈ ਸ਼ੈਤਾਨੀ ਸ਼ਕਤੀਆਂ ਦੀ ਕਰੜਾਂ ਦੀ ਗਿਣਤੀ ਵਾਲੀ ਫੌਜ ਵੀ ਨਹੀਂ ਜਿਤ ਸਕਦੀ। ਮਹਾਂ ਭਾਰਤ ਦੀ ਲੜਾਈ ਤੋਂ ਪਹਿਲਾਂ ਸ੍ਰੀ ਕ੍ਰਿਸ਼ਨ ਜੀ ਦੇ ਕੋਲ ਪਾਂਡਵ ਵੀਰ ਅਰਜਨ ਵੀ ਗਿਆ ਤੇ ਦੁਰਯੋਧਨ ਵੀ, ਦੋਵੇਂ ਇਕ ਦੂਸਰੇ ਦੇ ਦੁਸ਼ਮਨ ਸਨ ਤੇ ਸ੍ਰੀ ਕ੍ਰਿਸ਼ਨ ਜੀ ਪਾਸੋਂ ਸਹਾਇਤਾ ਮੰਗਣ ਗਏ ਸਨ। ਸ੍ਰੀ ਕ੍ਰਿਸ਼ਨ ਜੀ ਸਾਂਝੇ ਪੁਰਸ਼ ਸਨ ਉਨਾਂ ਨੇ ਦੋਹਾਂ ਨੂੰ ਸਹਾਇਤਾ ਦੇਣੀ ਸੀ। ਉਨਾਂ ਨੇ ਦੋਹਾਂ ਨੂੰ ਆਖਿਆ-ਇਕ ਪਾਸੇ ਮੈਂ ਇਕਲਾ ਹੋਵਾਂਗਾ ਤੇ ਦੂਸਰੇ ਪਾਸੇ ਮੇਰੀ ਸੈਨਾ। ਤੁਸੀਂ ਦੋਵੇਂ ਇਕ ਇਕ ਚੀਜ਼ ਮੰਗ ਸਕਦੇ ਹੋ। ਉਸ ਵੇਲੇ ਸਿਆਣੇ ਅਰਜਨ ਨੇ ਸੈਨਾ ਨਾ ਮੰਗੀ ਤੇ ਸ੍ਰੀ ਕ੍ਰਿਸ਼ਨ ਨੂੰ ਮੰਗ ਲਿਆ ਅਗਿਆਨੀ ਤੇ ਦੁਸ਼ਟ ਆਤਮਾ ਦੁਰਯੋਧਨ ਸਾਰੀ ਕ੍ਰਿਸ਼ਨ ਜੀ ਦੀ ਸੈਨਾ ਪ੍ਰਾਂਪਤ ਕਰਕੇ ਬਹੁਤ ਖੁਸ਼ ਹੋਇਆ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਦੇ ਹਿਰਦੇ ਵਿਚ ਨਾਮ ਵਸਦਾ ਸੀ। ਇਸ ਲਈ ਅਰਜਨ ਦੀ ਫਤਹ ਹੋਈ ਤੇ ਦੁਰ-ਯੋਧਨ ਦੀ ਹਾਰ। ਕਈ ਕੂਹਣੀਆਂ ਫੌਜਾਂ ਗਰਕ ਹੋ ਗਈਆਂ ਅਜ ਵੀ ਜ਼ੁਲਮ ਦੇ ਵਿਰੁਧ ਤੇਗ ਉਠਾਣੀ ਜਾਣੀ ਹੈ। ਉਹੋ ਹੀ ਸੂਰਮਾ ਬਣੇਗਾ-ਉਹੋ ਹੀ ਅਰਦਮਨ ਅਖਵਾਏਗਾ, ਜਿਹੜਾ ਤੇਗ ਚੁਕਣ ਤੋਂ ਪਹਿਲਾਂ ਨਾਮ ਬਾਣੀ ਦੇ ਜਾਪ ਕਰਨ ਦਾ ਵੀ ਅਭਿਆਸ ਕਰੇਗਾ। ਆਤਮਾ ਦੀ ਖ਼ੁਰਾਕ ਹੈ ਨਾਮ,ਨਾਮ ਆਸਰੇ ਆਤਮਾ ਬਲਵਾਨ ਹੁੰਦੀ ਹੈ ਤੇ ਬਲਵਾਨ ਆਤਮਾ ਨੂੰ ਕਦੀ ਕੋਈ ਜਿਤ ਨਹੀਂ ਸਕਦਾ।'

ਦੀਵਾਨ ਦਾ ਭੋਗ ਪਿਆ, ਅਰਦਾਸ ਹੋਈ, ਪ੍ਰਸ਼ਾਦ ਵੰਡਿਆ ਗਿਆ ਤਾ ਸਾਰੀ ਸੰਗਤ ਗੁਰੂ ਕਾ ਲੰਗਰ ਨੂੰ ਚਲੀ ਗਈ। ਸਤਿਗੁਰੂ ਜੀ ਆਪਣੇ ਮਹਿਲ ਵਲ ਚਲੇ ਗਏ। ਪਿਛਲੇ ਪਹਿਰ ਫਿਰ ਦੀਵਾਨ ਹੋਣਾ ਸੀ।

੪.

ਜਦੋਂ ਦੀ ਅਸੀਂ ਗਲ ਕਰ ਰਹੇ ਹਾਂ, ਤਦੋਂ ਸਤਿਗੁਰ ਗੋਬਿੰਦ ਸਿੰਘ ਜੀ ਮਹਾਰਾਜ ਦੇ-ਅੰਤ ਹੁਝੇ ਹੋਏ ਸਨ । ਪੜਦਾਦੇ-ਸਤਿਗੁਰ ਅਰਜਨ ਦੇਵ ਜੀ ਮਹਾਰਾਜ, ਬਾਬੇ ਸਤਿਗੁਰੂ ਗੋਬਿੰਦ ਜੀ ਤੇ ਪਿਤਾ ਸਤਿ-ਗੁਰੂ ਹਰ ਗੋਬਿੰਦ ਸਾਹਿਬ ਜੀ ਤੇ ਪਿਤਾ ਸਤਿਗੁਰੂ ਹਰਿਗੋਬਿੰਦ ਸਾਹਿਬ ਤੇ ਪਿਤਾ ਸਤਿਗੁਰੂ ਤੇਗ ਬਹਾਦਰ ਜੀ ਦੀਆਂ ਜੀਵਨ ਘਾਲਨਾਂ ਕੁਰਬਾਨੀਆਂ ਤੇ ਸਿਖਿਆਵਾਂ ਦੀ ਤਲਵਾਰ ਉਨਾਂ ਦੇ ਨੈਣਾਂ ਅਗੇ ਲਟਕਦੀ ਸੀ। ਮੁਗਲਾਂ ਦਾ ਭਾਰਤ ਮਾਤਾ ਨੂੰ ਗੁਲਾਮ ਰਖਨਾ, ਧਰਮਾਂ ਤੇ ਧਾਰਮਕ ਅਸਥਾਨਾਂ ਦਾ ਅਪਮਾਨ ਕਰਨਾ, ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿਚ ਦਾਖਲ ਕਰਨਾ ਅਤੇ ਭਾਰੀ ਜੇਜ਼ੀਏ ਲਾ ਕੇ ਜਨਤਾ ਨੂੰ ਲੁਟਣਆਦਿਕ ਸਤਿਗੁਰੂ ਜੀ ਅਨੁਭਵ ਕਰਦੇ ਸਨ ਹਿੰਦੂ ਜਨਤਾ ਬਰਫ ਵਾਂਗ ਠੰਡੀ ਤੇ ਮਿੱਟੀ ਵਾਂਗ ਨਿਮਾਣੀ ਹੋ ਗਈ ਸੀ। ਜਨਤਾ ਦੇ ਜੀਵਨ ਨੂੰ ਭਖਾਉਣ ਦੀ ਲੋੜ ਸੀ। ਅਰਜਨ, ਕਰਨ, ਭੀਮ ਸ੍ਰੀ ਕ੍ਰਿਸ਼ਨ ਦੇ ਵੰਸ ਨੂੰ ਜਤਾਉਣ ਦੀ ਲੋੜ ਸੀ ਕਿ ਤੁਸੀਂ ਬਹਾਦਰ ਹੋ? ਤੁਸਾਂ ਅੰਦਰ ਹਨੂੰਮਾਨ ਵਾਂਗ ਮਹਾਂ ਸ਼ਕਤੀ ਲੁਕੀ ਹੈ। ਧਾਰਮਕ ਵਿਸ਼ਵਾਸ਼ ਕਾਇਮ ਕਰਨ ਵਾਸਤੇ ਇਕ ਅਕਾਲ ਪੁਰਖ ਦੀ ਪੂਜਾ ਤਾਂ ਸਤਿਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋ ਚੁਕੀ ਸੀ ਹਮਦਰਦੀ ਤੇ ਸੇਵਾ ਭਾਵ, ਤਿਆਗ ਤੇ ਦਇਆ ਦਾ ਖਿਆਲ ਆ ਚੁਕਾ ਸੀ। ਸਤਿਗੁਰੂ ਜੀ ਆਪਣੇ ਸਿਖਾਂ ਨੂੰ ਨਿਰੇ ਭਗਤ ਹੀ ਨਹੀਂ, ਸਗੋਂ ਮਹਾਂ ਬਲੀ ਜੋਧੇ ਵੀ ਬਨਾਉਣੇ ਚਾਹੁੰਦੇ ਸਨ। ਅਨੰਦ ਪੁਰੀ ਭਾਰਤੀ ਤੇ ਫੌਜੀ ਸਿਖਿਆ ਸ਼ਕਤੀ ਦਾ ਵਿਸ਼ਵ ਵਿਦਿਆਲਾ ਸੀ। ਜੈਸੇ ਬੰਦੇ ਬਣਾਉਣੇ ਸਨ, ਵੈਸਾ ਹੀ ਸਾਹਿਬ ਨੇ ਵਾਤਾਵਰਣ ਕਾਇਮ ਕੀਤਾ ਸੀ। ਆਪਣਾ ਜੀਵਨ ਪਹਿਲਾਂ

ਵੈਸਾ ਬਣਾਇਆ ਸੀ, ਜੈਸੀ ਸਿਖਿਆ ਦੇਣੀ ਸੀ। ਗਿਆਨ ਜੇ ਅਮਲ ਵਿਚ ਨਾ ਆਏ ਤਾਂ ਪੱਥਰ ਦੀ ਤਰ੍ਹਾਂ ਬੇ ਫਾਇਦਾ ਹੁੰਦਾ ਹੈ।

ਅੰਮ੍ਰਿਤ ਵੇਲੇ ਤੋਂ ਦਸ ਵਜੇ ਤਕ ਨਿਰੰਕਾਰ ਦੀ ਭਗਤੀ ਹੁੰਦੀ ਤੇ ਧਾਰਮਿਕ ਸਿਖਿਆ ਦਿਤੀ ਜਾਂਦੀ ਸੀ, ਦੁਪਹਿਰੇ ਸਤਿਗੁਰੂ ਜੀ ਆਪ ਤੇ ਸਿਖ ਸੰਗਤਾਂ ਆਰਾਮ ਕਰਦੀਆਂ। ਕੋਈ ਵਿਦਿਆ ਪੜ੍ਹਨ ਤੇ ਕੋਈ ਸਤਿਗੁਰੂ ਜੀ ਦੇ ਉਸਰ ਰਹੇ ਦਰਬਾਰ, ਤਿਆਰ ਹੋ ਰਹੇ ਕਿਲ੍ਹਿਆਂ ਦੀਆਂ ਇਮਾਰਤਾਂ ਦੀ ਹੱਥੀਂ ਸੇਵਾ ਕਰਕੇ ਜਨਮ ਸਫਲਾ ਕਰਦਾ। ਸ੍ਰੀ ਅਨੰਦ ਗੜ੍ਹ ਕਿਲੇ ਦੀ ਤਦੋਂ ਉਸਾਰੀ ਹੋ ਰਹੀ ਸੀ। ਦਿਨ ਢਲੇ ਸਤਿਗੁਰੂ ਜੀ ਘੋੜੇ ਤੇ ਸਵਾਰ ਹੋ ਕੇ ਸ਼ਿਕਾਰ ਨੂੰ ਨਿਕਲਦੇ, ਸਿਖ ਨਾਲ ਜਾਂਦੇ, ਫੌਜੀ ਸਿਖਿਆ ਦਿਤੀ ਜਾਂਦੀ। ਘੋੜ ਸਵਾਰੀ, ਤੀਰ ਅੰਦਾਜ਼ੀ, ਤਲਵਾਰ ਜ਼ਨੀ ਤੇ ਗਤਕਾ ਬਾਜ਼ੀ ਉਸ ਵੇਲੇ ਦੀ ਆਮ ਸ਼ਸਤਰ ਵਿਦਿਆ ਸੀ। ਤੋੜੇ ਦਾਰੂ ਬੰਦੂਕ ਤੇ ਬਰੂਦ ਵਾਲੀ ਤੋਪ ਵੀ ਆ ਚੁਕੀ ਸੀ।

ਚਾਰ ਵਜੇ ਦੇ ਕਰੀਬ ਦੀਵਾਨ ਸਜ ਜਾਂਦਾ। ਉਸ ਦੀਵਾਨ ਵਿਚ ਗੁਰੂ ਘਰ ਦਾ ਜਸ, ਭਾਰਤ ਦਾ ਪ੍ਰਾਚੀਨ ਇਤਿਹਾਸ ਵਾਰਾਂ ਦੇ ਰੂਪ ਵਿਚ ਢਾਡੀ ਲੋਕ ਗਾਉਂਦੇ। ਜਿਹੜੇ ਗੁਰਮੁਖ ਜਨ ਫੌਜੀ ਸਿਖਿਆ ਵਿਚ ਹਿੱਸਾ ਨਾ ਲੈਂਦੇ ਉਹ ਉਸ ਦੀਵਾਨ ਵਿਚ ਬੈਠ ਕੇ ਗੁਰੂ ਜਸ ਸੁਣਦੇ।

ਦਾਨੀ ਉਸਦਾ ਪਤੀ, ਮੁੰਡਾ ਤੇ ਲੜਕੀ ਦੀਪੋ ਵਾਸਤੇ ਸ੍ਰੀ ਅਨੰਦ ਪੁਰ ਦੇ ਸਾਰੇ ਕੌਤਕ ਅਨੋਖੇ ਸਨ। ਉਹ ਕਦੀ ਸਤਿਗੁਰਾਂ ਦੇ ਦਰਬਾਰ ਅਤੇ ਸਿਖਾਂ ਦੇ ਸਤਿਸੰਗਾ ਵਿਚ ਸ਼ਾਮਲ ਨਹੀਂ ਸਨ ਹੋਏ। ਉਸ ਵੇਲੇ ਦੀਵਾਨ ਦੇ ਵਿਚ ਸਟੇਜ ਰੰਗ ਭੂਮੀ ਉਤੇ ਖਲੋਤੇ ਚਾਰ ਢਾਡੀ ਜਿਹੜੇ ਰੰਗੋ ਦਰਸ਼ਨੀ ਜਵਾਨ ਸਨ ਤੇ ਉਹਨਾਂ ਦੇ ਗਲਿਆਂ ਦੀ ਆਵਾਜ਼ ਬਹੁਤ ਰਸੀਲੀ ਤੇ ਖੁਲੀ ਸੀ, ਸਤਿਗੁਰੂ ਜੀ ਦੀ ਸਿਖ ਹੋਈ "ਚੰਡੀ "ਦੀ ਵਾਰ ਗਾਉਂਦ ਹੋਏ ਦਰਗਾ ਦੇਵੀ ਦਾ ਪ੍ਰਸੰਗ ਗੁਰ ਸਿਖਾਂ ਨੂੰ ਸੁਣਾ ਕੇ ਉਨ੍ਹਾਂ ਦੇ ਲਹੂ ਨੂੰ ਗਰਮ ਕਰ ਰਹੇ ਸਨ।

'ਮਾਂ! ਇਹ ਭਾਈ ਚੰਗਾ ਗਾਉਂਦੇ ਰਨ-ਸੁਣੀਏ।'

ਦੀਪੋ ਨੇ ਆਪਣੀ ਮਾਤਾ ਨੂੰ ਉਸ ਵੇਲੇ ਆਖਿਆ ਜਦੋਂ ਕਿ ਦੀਵਾਨ ਵਿਚੋਂ ਉਠ ਕੇ ਕਿਸੇ ਹੋਰ ਲੀਲਾ ਨੂੰ ਵੇਖਣ ਜਾਣਾ ਚਾਹੁੰਦੇ ਸਨ।

'ਚਲੋ ਸੁਣ ਲੈਂਦੇ ਆਂ।'

ਦੀਪੋ ਦੇ ਬਾਪ ਨੇ ਉਤਰ ਦਿਤਾ, ਸਾਰੇ ਦੀਵਾਨ ਵਿਚ ਬੈਠੇ ਰਹੇ। ਢਾਡੀਆਂ ਨੇ ਵਾਰ ਦੀ ਪਹਿਲੀ ਪਉੜੀ ਗਾਈ:—

ਪ੍ਰਿਥਮ ਭਗਉਤੀ ਸਿਮਰ ਕੈ'
ਗੁਰ ਨਾਨਕ ਲਈ ਧਿਆਏ॥
ਫਿਰ ਅੰਗਦ ਤੇ ਗੁਰ ਅਮਰ ਦਾਸ,
ਰਾਮ ਦਾਸੈ ਹੋਈ ਸਹਾਇ॥
ਅਰਜਨ ਹਰਿ ਗੋਬਿੰਦ ਨੂੰ,
ਸਿਮਰੌ ਸ੍ਰੀ ਹਰਿ ਰਾਇ॥
ਸ੍ਰੀ ਹਰਿ ਕ੍ਰਿਸ਼ਨ ਧਿਆਈਐ,
ਜਿਸੁ ਡਿਠੇ ਸਭ ਦੁਖ ਜਾਇ॥
ਤੇਗ ਬਹਾਦਰ ਸਿਮਰੀਐ,
ਘਰ ਨਉ ਨਿਧ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥੧॥

ਇਕ ਢਾਡੀ ਨੇ ਪਉੜੀ ਦੀ ਵਿਆਖਿਆ ਕਰਕੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਤਿਗੁਰੂ ਤੇਗ ਬਹਾਦਰ ਜੀ ਤਕ ਸਾਰੇ ਸਤਿਗੁਰਾਂ ਦੇ ਜੀਵਨ ਹੋ ਸੰਖੇਪ ਸ਼ਬਦਾਂ ਵਿਚ ਦਸਿਆ ਫਿਰ ਸਾਰਿਆਂ ਮਿਲ ਕੇ ਪਉੜੀ ਗਾਈ:

ਖੰਡਾ ਪ੍ਰਿਥਮੈ ਸਾਜ ਕੇ,
ਜਿਨ ਸਭ ਸੈਂਸਾਰ ਉਪਾਇਆ।
ਬ੍ਰਹਮਾ ਬਿਸਨ ਮਹੇਸ ਸਾਜਿ,
ਕੁਦਰਤ ਦਾ ਖੇਲ ਰਚਾਇ ਬਣਾਇਆ।

ਸਿੰਧ ਪਰਬਤ ਮੇਦਨੀ

ਬਿਨੁ ਥੰਮਾ ਗਗਨੇ ਰਹਾਇਆ ।

ਸਿਰਜੇ ਦਾਨੋ ਦੇਵਤੇ,

ਤਿਨ ਅੰਦਰਿ ਲਾਦ ਰਚਾਇਆ ।

ਤੈਂ ਹੀ ਦੁਰਗਾ ਸਾਜਿ ਕੈ,

ਦੈਂਤਾਂ ਦਾ ਨਾਸ਼ ਕਰਾਇਆ ।

ਤੈਥੋਂ ਹੀ ਬਲ ਰਾਮ ਲੈ,

ਨਾਲ ਬਾਣਾ ਦਹਸਿਰ ਘਾਇਆ ।

ਤੈਥੋਂ ਹੀ ਬਲ ਕ੍ਰਿਸ਼ਨ ਲੈ,

ਕੰਸ ਕੇਸੀ ਪਕੜਿ ਗਿਰਾਇਆ ।

ਵਡੇ ਵਡੇ ਮੁਨਿ ਦੇਵਤੇ,

ਕਈ ਜੁਗ ਤਿਨੀ ਤਨੁ ਤਾਇਆ ।

ਕਿਨੀ ਤੇਰਾ ਅੰਤ ਨਾ ਪਾਇਆ ॥੨॥

'ਗੁਰੂ ਪ੍ਰੇਮੀਓ ! ਅਕਾਲ ਪੁਰਖ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਤੇ ਸਾਰੇ ਦੇਵੀ ਦੇਵਤਿਆਂ ਨੂੰ ਪ੍ਰਗਟ ਕੀਤਾ । ਉਸੇ ਅਕਾਲ ਪੁਰਖ ਦੀ ਸ਼ਕਤੀ ਨੂੰ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਆਦਿਕ ਨੇ ਪ੍ਰਾਪਤ ਕੀਤਾ ਤੇ ਦੈਂਤਾਂ, ਰਾਖਸ਼ਾਂ ਆਦਿਕ ਨੂੰ ਮਾਰਿਆ । ਇਸ ਧਰਤੀ ਤੇ ਸੰਤਾਂ-ਸਾਧੂਆਂ ਦਾ ਰਾਜ ਕੀਤਾ । ਪਰ ਤ੍ਰੇਤੇ ਜੁਗ ਵਿਚ ਆ ਕੇ ਦੇਵਤੇ ਕੁਝ ਅਭਿਮਾਨੀ ਹੋ ਗਏ ਉਨ੍ਹਾਂ ਦਾ ਅਭਿਮਾਨ ਤੋੜਨ ਵਾਸਤੇ ਅਕਾਲ ਪੁਰਖ ਨੇ ਹੀ ਮਹਿਖਾਸੁਰ ਤੇ ਸੁੰਭ ਨਿਸੁੰਭ ਦੈਤਾਂ ਨੂੰ ਪ੍ਰਗਟ ਕੀਤਾ । ਉਨ੍ਹਾਂ ਦੈਂਤਾਂ ਨੇ ਤ੍ਰਿੰਨੇ ਲੋਕ ਜਿਤ ਲਏ ਤੇ ਦੇਵਤੇ ਨਸ ਕੇ ਕੈਲਾਸ਼ ਪਰਬਤ ਤੇ ਜਾ ਬੈਠੇ । ਸਤਿਗੁਰ ਜੀ ਇਉਂ ਫੁਰਮਾਉਂਦੇ ਹਨ-ਸਰਵਨ ਕਰੋ:-

ਸਾਧੂ ਸਤਿਜੁਗ ਬੀਤਿਆ,

ਅਧ-ਸੀਲੀ ਤ੍ਰੇਤਾ ਆਇਆ ।

ਨੱਚੀ ਕਲ ਸਰੋਸਰੀ,

ਕਲ ਨਾਰਦ ਡਉਰੂ ਵਾਇਆ।

ਅਭਮਾਨੁ ਉਤਾਰਨ ਦੇਵਤਿਆਂ,

ਮਹਿਖਾਸੁਰ ਸੁੰਭ ਉਪਾਇਆ।

ਜਾਤ ਲਏ ਤਿਨ ਦੇਵਤੇ,

ਤਿਰਲੋਕੀ ਰਾਜੁ ਕਮਾਇਆ।

ਵੱਡਾ ਬੀਰ ਅਖਾਇ ਕੈ,

ਸਿਰ ਉਪਰ ਛਤਰ ਫਿਰਾਇਆ।

ਦਿੱਤਾ ਇੰਦ੍ਰ ਨਿਕਾਲ ਕੈ,

ਤਿਨ ਗਿਰ ਕੈਲਾਸ਼ ਤਕਾਇਆ

ਡਰ ਕੇ ਹਥੋਂ ਦਾਨਵੀ,

ਦਿਲ ਅੰਦਰਿ ਤ੍ਰਾਸ ਵਧਾਇਆ।

ਪਾਸ ਦੁਰਗਾ ਦੇ ਇੰਦ੍ਰ ਆਇਆ ॥੩॥

'ਦੁਰਗਾ ਦੇਵੀ ਬਹੁਤ ਬਹਾਦਰ ਸੀ।' ਮੁਖੀ ਢਾਡੀ ਨੇ ਵਿਆਖਿਆ ਅਰੰਭੀ—'ਉਹ ਦੈਂਤਾਂ ਨੂੰ ਮਾਰ ਸਕਦੀ ਸੀ ਤੇ ਸ਼ੇਰ ਉਤੇ ਸਵਾਰੀ ਕਰਦੀ ਸੀ।

ਦਾਨੀ ਨੇ ਦੁਰਗਾ ਦੇਵੀ ਦੀਆਂ ਅਨੇਕਾਂ ਭੇਟਾਂ ਸੁਣੀਆਂ ਹੋਈਆਂ ਸਨ। ਬਹੁਤ ਸਾਰੀਆਂ ਕਥਾਵਾਂ ਵੀ ਸੁਣਦੀ ਰਹੀ ਸੀ ਉਹ ਦੁਰਗਾ ਤੇ ਭਰੋਸਾ ਰਖਦੀ ਸੀ। ਕਥਾ ਉਸਦੇ ਮਨ ਨੂੰ ਚੰਗੀ ਲਗਦੀ ਸੀ। ਦੀਪੋ ਨੂੰ ਉਹ ਬਾਤਾਂ ਚੰਗੀਆਂ ਲਗਦੀਆਂ ਸਨ, ਜਿਨ੍ਹਾਂ ਵਿਚ ਬਹਾਦਰੀ ਦਸੀ ਜਾਂਦੀ ਸੀ। ਪਰੀਆਂ ਤੇ ਦਿਉਆਂ ਦੀਆਂ ਬਹੁਤੀਆਂ ਬਾਤਾਂ ਆਪਣੀ ਗੁਆਂਢਣ ਕੋਲੋਂ ਸੁਣਿਆ ਕਰਦੀ ਸੀ।

'ਇਕ ਦਿਨ ਦੁਰਗਾ ਤੇ ਇੰਦਰ ਦੇਵਤੇ ਦਾ ਮੇਲ ਹੋ ਗਿਆ ਇੰਦਰ ਨੇ ਆਪਣੇ ਦੁਖੜੇ ਦੁਰਗਾ ਅਗੇ ਫੋਲੇ। ਸਤਿਗੁਰੂ ਜੀ ਫੁਰਮਾਉਂਦੇ ਹਨ:—

ਇਕ ਦਿਹਾੜੇ ਨਾਵਨ ਆਈ, ਦੁਰਗਾ ਸਾਹ॥

ਇੰਦਰ ਬਿਰਥਾ ਸੁਣਾਈ ਆਪਣੇ ਹਾਲ ਦੀ ॥
ਛੀਨ ਲਈ ਠਕੁਰਾਈ, ਸਾਤੇ ਦਾਨਵੀ ॥
ਲੋਕੀ ਤਿਹਾਈ ਫਿਰਾਈ, ਦੋਹੀ ਆਪਣੀ ॥
ਬੈਠੇਵਾਇ ਵਧਾਈ, ਤੇ ਅਮਰਾਵਤੀ ॥
ਦਿਤੇ ਦੇਵ ਭਜਾਈ, ਦੈਂਤ ਸਭਨਾ ਰਾਕਸਾਂ ॥
ਕਿਨੇ ਨਾ ਜਿਤਾ ਜਾਈ, ਮਹਿਖੇ ਦੈਂਤ ਨੂੰ ॥
ਤੇਰੀ ਸਾਮ ਤਕਾਈ, ਦੇਵੀ ਦੁਰਗ ਸਾਹ ॥੪॥

ਇੰਦਰ ਨੇ ਦੁਰਗਾ ਨੂੰ ਦਸਿਆ ਕਿ ਮਹਿਖਾਸੁਰ (ਝੋਟੇ ਦੇ ਸਿਰ ਵਾਲੇ) ਦੈਂਤ ਨੇ ਰਾਜ ਖੋਹ ਲਿਆ ਹੈ। ਸਾਰੇ ਦੇਵਤੇ ਨਸਾ ਦਿਤੇ ਹਨ ਤੇ ਰਾਜ ਕਰਦਾ ਹੈ, ਉਸਨੂੰ ਕਿਸੇ ਨੇ ਜਿਤਿਆ ਨਹੀਂ। ਅਸੀਂ ਤੇਰੀ ਸ਼ਰਨ ਆਏ ਹਾਂ, ਜਿਵੇਂ ਹੋਏ ਬਚਾ। ਇੰਦਰ ਦੀ ਇਹ ਗਲ ਸੁਣਕੇ ਹਸ ਪਈ। ਉਸਨੇ ਦੈਤਾਂ ਨੂੰ ਖਾਣ ਵਾਲਾ ਸ਼ੇਰ ਮੰਗਵਾਇਆ ਉਸਤੇ ਸਵਾਰ ਹੋ ਕੇ ਦੈਂਤਾਂ ਨੂੰ ਮਾਰਨ ਵਾਸਤੇ ਤੁਰ ਪਈ ਤੇ ਦੇਵਤਿਆਂ ਨੂੰ ਹੌਂਸਲਾ ਦਿਤਾ ਕਿ ਚਿੰਤਾ ਨਾ ਕਰੋ। ਦੁਰਗਾ ਬਹੁਤ ਗੁਸੇ ਵਿਚ ਆ ਗਈ।

ਦੁਰਗਾ ਬੈਣ ਸੁਣਾਦੀ ਹੱਸੀ ਹੜ ਹੜਾਇ ॥
ਓਹੀ ਸੀਹੁ ਮੰਗਾਇਆ ਰਾਖਸ਼ ਭੱਖਣਾ ॥
ਚਿੰਤਾ ਕਰਹੁ ਨਾ ਕਾਈ ਦੇਵਾਂ ਨੂੰ ਆਖਿਆ ॥
ਰੋਹਾ ਹੋਈ ਮਹਾ ਮਾਈ ਰਾਕਿਸ ਮਾਰਣੇ।

ਦੁਰਗਾ ਦੀ ਚੜ੍ਹਾਈ ਦੀ ਖਬਰ ਦੈਂਤਾਂ ਨੂੰ ਵੀ ਹੋ ਗਈ। ਉਹ ਵੀ:-

ਰਾਕਸਿ ਆਏ ਰੋਹਲੇ ਖੇਤ ਭਿੜਨ ਕੇ ਚਾਇ ॥
ਲਿਸ਼ਕਣ ਤੇਗਾਂ ਬਰਛੀਆਂ ਸੂਰਜ ਨਦਰਿ ਨਾ ਪਾਇ ॥

ਬਿਜਲੀ ਵਾਂਗ ਚਮਕਦੀਆਂ ਤਲਵਾਰਾਂ ਲੈ ਕੇ ਲੜਨ ਆਏ ਉਨ੍ਹਾਂ ਦੀਆਂ ਤਲਵਾਰਾਂ ਤੇ ਬਰਛੀਆਂ ਦੀ ਚਮਕ ਨੇ ਸੂਰਜ ਦੀ ਚਮਕ ਮਾਤ ਪਾ ਦਿਤੀ ਸੀ। ਮਹਾਂ ਭਿਆਨਕ ਯੁਧ ਹੋਣਾ ਸੀ। ਗੁਰਮੁਖ ਜਨ ਸੂਰਮੇ ਕਦੀ

ਯੁਧ ਕੋਲੋਂ ਡਰਦੇ ਨਹੀਂ। ਸੂਰਮਿਆਂ ਨੂੰ ਤਾਂ ਯੁਧ ਦਾ ਨਾਮ ਸੁਣ ਕੇ ਲਾਲੀਆਂ ਚੜ੍ਹ ਜਾਂਦੀਆਂ ਹਨ। ਬਸ ਮਾਰੂ ਵਜ ਗਏ—ਜੋਧੇ ਕਿਲਕਾਂ ਮਾਰਦੇ ਹੋਏ ਨਿਕਲੇ:—

ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ।
ਰਾਕਸ ਆਏ ਰੋਹਲੇ ਤਲਵਾਰੀ ਬਖਤਰ ਸੱਜੇ।
ਜੁਟੇ ਸਉਂਹੇ ਜੁਧ ਨੂੰ ਇੱਕ ਜਾਤ ਨਾ ਜਾਣਨ ਭੱਜੇ।
ਖੇਤ ਅੰਦਰਿ ਜੋਧੇ ਗੱਜੇ ॥੭॥ ਪਉੜੀ।

ਇਸ ਤਰਾਂ ਢਾਡੀਆਂ ਨੇ ਸਾਰੀ ਵਾਰ ਗਾ ਦਿਤੀ ਵਿਆਖਿਆ ਰਾਹੀਂ ਸਾਰਾ ਹਾਲ ਵੀ ਦਸਿਆ ਕਿ ਕਿਵੇਂ ਦੁਰਗਾ ਨੇ ਮਹਿਖਾਸੁਰ ਅਤੇ ਉਸ ਦੇ ਸਾਥੀ ਦੈਂਤਾਂ ਸੁੰਭ ਤੇ ਨਿਸੁੰਭ ਨੂੰ ਮਾਰਿਆ। ਉਨਾਂ ਦੀ ਸਾਰੀ ਸੈਨਾ ਵੀ ਮਾਰ ਸੁਟੀ ਤੇ ਮੁੜ ਇੰਦਰ ਦੇਵਤਾ ਨੂੰ ਸਵਰਗ ਦਾ ਮਹਾਰਾਜਾ ਬਣਾਇਆ ਉਨ੍ਹਾਂ ਨੇ ਅੰਤਮ ਪਤੌੜੀ ਦਾ ਪਾਠ ਬੜੇ ਜੋਸ਼ ਨਾਲ ਕੀਤਾ :--

ਸੁੰਭ ਨਿਸੁੰਭ ਪਠਾਇਆ ਜਮਦੇ ਧਾਮ ਨੋ
ਇੰਦਰ ਸਦ ਬੁਲਾਇਆ ਰਾਜ ਅਭਖੇਖਨੋ
ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦਰ ਦੇ
ਚਉਦਹ ਲੋਕਾਂ ਛਾਇਆ ਜਸੁ ਜਗ ਮਾਤ ਦਾ।
ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥੫੫।

ਮੁਖੀ ਢਾਡੀ ਨੇ ਦੀਵਾਨ ਵਿਚ ਬੈਠੀਆਂ ਬੀਬੀਆਂ ਨੂੰ ਸੰਬੋਧਨ ਕਰਕੇ ਆਖਿਆ-'ਭੈਣੋ ਤੇ ਮਾਤਾਵੋਂ! ਤੁਸਾਂ ਦੁਰਗਾ ਦਾ ਪ੍ਰਸੰਗ ਸੁਣਿਆ ਹੈ। ਉਸ ਨੇ ਰਾਖਸ਼ਾਂ ਤ ਦੈਂਤਾਂ ਨੂੰ ਮਾਰਿਆ। ਇਸ ਚੰਡੀ ਦੀ ਵਾਰ ਨੂੰ ਰਚ ਕੇ ਸਤਿਗੁਰੂ ਜੀ ਨੇ ਹੁਕਮ ਦਿਤਾ ਹੈ ਕਿ ਹਰ ਇਕ ਭੈਣ ਤੇ ਮਾਤਾ ਨੂੰ ਦੁਰਗਾ ਦੀ ਤਰਾਂ ਸ਼ਸਤ੍ਰ ਧਾਰੀ ਹੋਣਾ ਚਾਹੀਦਾ ਹੈ। ਰਾਖਸ਼ਾਂ ਤੇ ਦੈਂਤਾਂ ਦੀ ਤਰ੍ਹਾਂ ਅਜ ਭਾਰਤ ਭੂਮੀ ਨੂੰ ਮਲੇਛਾਂ ਨੇ ਮਲਿਆ ਹੈ। ਪਾਪ ਕਰਦੇ ਹਨ।

ਮੰਦਰਾਂ ਨੂੰ ਢਾਹ ਕੇ ਮਸੀਤਾਂ ਬਣਾਉਂਦ ਹਨ। ਮਲੇਛ ਭਾਸ਼ਾ ਦਾ ਪ੍ਰਚਾਰ ਕਰਦ ਹਨ। ਹਾਕਮ ਪ੍ਰਜਾ ਦੇ ਰਾਖੇ ਨਹੀਂ, ਸਗੋਂ ਪਰਜਾ ਨੂੰ ਲੁਟਦੇ ਤੇ ਨਿਰਬਲ ਭੈਣਾ ਦੀ ਬੇ ਪਤੀ ਕਰਦ ਹਨ। ਦਫਗਾ ਦੀ ਤਫਾਂ ਸਦਾ ਤਿਆਰ-ਬਰ-ਤਿਆਰ ਹੋ ਕੇ ਤਲਵਾਰ, ਤੀਰ ਕਮਾਨ, ਨੇਜ਼ਾ-ਬਰਛੀ ਹਥ ਰਖਣਾ ਚਾਹੀਦਾ ਹੈ। ਜਦ ਵੀ ਕੋਈ ਦੁਸ਼ਟ ਧਰਮ ਦੀ ਹਾਨੀ ਕਰੇ ਉਸੇ ਵੇਲੇ ਉਸ ਦਾ ਮੁਕਾਬਲਾ ਕਰਨਾ ਚਾਹੀਦਾ ਹੈ ਆਪਣੇ ਧਰਮ ਦੀ ਆਪ ਰਖਿਆ ਕਰਨੀ ਚਾਹੀਦੀ ਹੈ। ਪੁਰਸ਼ ਦ ਸਮਾਨ ਹੀ ਨਾਰੀ ਬਲਵਾਨ ਹੈ। ਮੜੀ ਸਮਾਨ, ਜਿੰਨ ਭੂਤ ਆਦਿਕ ਦਾ ਭੈ ਛਡ ਕੇ ਇਕ ਅਕਾਲ ਪੁਰਖ ਦੀ ਪੂਜਾ ਕਰਨੀ ਚਾਹੀਦੀ ਹੈ। ਧਰਮ ਜੁਧ ਹੋਣੇ ਹਨ। ਉਨਾਂ ਲਈ ਤਿਆਰੀ ਕਰੋ । ਤਾਂ ਹੀ ਧਰਮ ਦੀ ਰਖਿਆ ਹੋਏਗੀ ਤੇ ਜ਼ੁਲਮ ਘਟਣਗਾ।'

ਮਾਸੂਮ ਦੀਪੋ ਦੇ ਮਨ ਨੂੰ ਇਹ ਗਲਾਂ ਚੰਗੀਆਂ ਲਗੀਆਂ। ਉਹ ਪਹਿਲਾਂ ਹੀ ਬਹਾਦਰੀ ਵਾਲੇ ਵਿਚਾਰ ਰਖਦੀ ਸੀ। ਇਕ ਬਹਾਦਰ ਮਾਂ ਦੀ ਨਿਡੱਰ ਬੇਟੀ ਸੀ। ਉਸਨੇ ਉਥੇ ਬੈਠਿਆਂ ਹੀ ਮਨ ਨਾਲ ਫੈਸਲਾ ਕਰ ਲਿਆ ਕਿ ਉਹ ਜਵਾਨ ਹੋ ਕੇ ਜ਼ਰੂਰ ਤਲਵਾਰ ਚਲਾਇਆ ਕਰੇਗੀ। ਉਸ ਦੇ ਡੌਲਿਆਂ ਦਾ ਲਹੂ ਖੋਲ ਉਠਿਆ । ਉਹ ਆਪਣੇ ਹੱਥ ਵਲ ਵੇਖਣ ਲਗ ਪਈ ਕਿ ਕੀ ਉਸ ਦੇ ਨਿਕੇ ਨਿਕੇ ਹਥ ਤਲਵਾਰ ਦੀ ਮੁਠ ਨੂੰ ਘੁਟ ਸਕਣਗੇ।

ਚੰਡੀ ਦੀ ਵਾਰ ਸੁਣਕੇ ਦਾਨੀ ਦੀਵਾਨ ਵਿਚੋਂ ਉਠੀ। ਦੀਵਾਨ ਤੋਂ ਬਾਹਰ ਆਏ ਹੀ ਸਨ ਕਿ ਪਤਾ ਲਗਾ ਕਿ ਪਛਮੀ ਪਾਸੇ ਵਲ ਖੁਲੇ ਮੈਦਾਨ ਵਿਚ ਨਾਰੀਆਂ ਤੇ ਪੁਰਸ਼ ਜੁਧ ਵਿਦਿਆ ਦਾ ਅਭਿਆਸ ਕਰ ਰਹੇ ਸਨ। ਉਹ ਉਧਰ ਤੁਰ ਗਏ। ਦਾਨੀ ਤੇ ਦੀਪੋ ਵੇਖ ਕੇ ਹੈਰਾਨ ਹੋਈਆਂ ਕਿ ਮਰਦਾਂ ਦੀ ਤਰ੍ਹਾਂ ਸਿਆਣੀਆਂ ਔਰਤਾਂ ਅਤੇ ਕੁੜੀਆਂ ਤਲਵਾਰ ਤੇ ਤੀਰ ਚਲਾ ਰਹੀਆਂ ਸਨ ਕਈਆਂ ਨੇ ਸੰਜੋਆ ਪਹਿਨੀਆਂ ਹੋਈਆਂ ਸਨ। ਤਲਵਾਰਾਂ ਦੇ ਨਾਲ ਢਾਲਾਂ ਵੀ ਹਥਾਂ ਵਿਚ ਸਨ। ਕੁਝ ਘੋੜਿਆਂ ਉਤੇ ਸਵਾਰ

ਹੋਈਆਂ ਹੋਈਆਂ ਘੋੜਿਆਂ ਨੂੰ ਪੂਰੀ ਚਾਲੇ ਭਜ ਰਹੀਆਂ ਸਨ। ਨੇਜ਼ਾ ਬਾਜ਼ੀ ਵਿਚ ਕਮਾਲ ਕਰੀ ਜਾਂਦੀਆਂ ਸਨ। ਘੋੜੇ ਉਤੇ ਸਵਾਰ ਹੀ _ਦ ਕੇ ਧਰਤੀ ਤੋਂ ਕੋਈ ਨਾ ਕੋਈ ਚੀਜ਼ ਉਠਾ ਲੈਂਦੀਆਂ। ਇਕ ਬੀਬੀ ਨੇ ਤਾਂ ਕਮਾਲ ਹੀ ਕੀਤੀ, ਜਦੋਂ ਉਸਨੇ ਸੰਤੋੜ ਘੋੜੇ ਨੂੰ ਨਠਾਂਠਿਆ ਤੇਂ ਨੱਠੇ ਜਾਂਦੇ ਘੋੜੇ ਤੇ ਹੀ ਅੱਠ ਨੌਂ ਸਾਲ ਦੇ ਬੱਚ ਨੂੰ ਧਰਤੀ ਤੋਂ ਚੁਕ ਕੇ ਆਪਣੇ ਅੱਗੇ ਘੋੜੇ ਤੇ ਬਿਠਾ ਲਿਆ ਬੱਚੇ ਨੂੰ ਰਤਾ ਜਿੰਨੀ ਸਟ ਨਾ ਲਗਣ ਦਿਤੀ

'ਮਾਂ ਜੀ! ਮੈਂ ਵੀ ਆਪਣੀ ਘੋੜੀ ਨੂੰ ਇਸੇ ਤਰ੍ਹਾਂ ਨਠਾਇਆ ਕਰਾਂਗੀ।' ਦੀਪੋ ਨੇ ਆਪਣੀ ਮਾਂ ਨੂੰ ਆਖਿਆ।

"ਜ਼ਰੂਰ ! ਮੇਰੀ ਧੀ ਵੀ ਬਹਾਦਰ ਬਣੇਗੀ । ਘੋੜ-ਸਵਾਰ ਬਣੇਗੀ।"

"ਮੈਨੂੰ ਇਕ ਤਲਵਾਰ ਤੇ ਤੀਰ ਕਪਾਨ ਵੀ ਲੈ ਦੇਣਾ।

"ਲ ਦਿਆਂਗੀ।"

"ਫਿਰ ਦੇਖੀਂ ਜਦੋਂ ਪਿੰਡ ਤੁਰਕ ਆਇਆ ਕਰਨਗੇ, ਤਦ ਮੈ ਉਨ੍ਹਾਂ ਨੂੰ ਵੱਢ ਸੁਟਿਆ ਕਰਾਂਗੀ।"

ਦਾਨੀ ਦੇ ਟੱਬਰ ਨੇ ਸ਼ਮ ਦਾ ਧਾਰਮਿਕ ਦੀਵਾਨ ਵੀ ਸੁਣਿਆ। ਉਸ ਦੀਵਾਨ ਵਿਚ ਇਕ ਮਸੰਦ ਨੇ ਐਲਾਨ ਕੀਤਾ--"ਜਿਨ੍ਹਾਂ ਪ੍ਰੇਮੀਆਂ ਨੇ ਭਵਸਾਗਰ ਤੋਂ ਪਾਰ ਹਣ ਵਾਸਤੇ ਸਤਗੁਰੂ ਨਾਨਕ ਦੇਵ ਜੀ ਦੀ ਸਿਖੀ ਦੇ ਬੇੜੇ ਤੇ ਚੜ੍ਹਨਾ ਹੋਵੇ-ਅਥਵਾ ਪਹੁਲ ਲੈਣੀ ਹੋਵੇ-ਉਸ ਸਵੇਰੇ ਦੀਵਾਨ ਵਿਚ ਹਾਜ਼ਰ ਹੋ ਜਾਣ, ਮਹਾਰਾਜ ਕਲ ਨਾਮ ਦਾਨ ਬਖਸ਼ਣਗੇ।"

ਇਸ ਐਲਾਨ ਨੂੰ ਸੁਣਕੇ ਸਿਖ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਜਿਨ੍ਹਾਂ ਨੇ ਸਿਖ ਧਰਮ ਦੀ ਦੀਖਸ਼ਾ ਲੈਣੀ ਸੀ ਉਹ ਐਸੇ ਹੁਕਮ ਨੂੰ ਸੁਣਨਾ ਚਾਹੁੰਦੇ ਸਨ। ਉਨ੍ਹਾਂ ਦ ਮਨ ਦੀ ਮੁਰਾਦ ਪੂਰੀ ਹੋ ਗਈ।

ਕ਼ਾਬਲ ਦੇ ਸੰਗ ਨਾਲ ਵੀ ਸੌ ਕੁ ਪਰਾਣੀ ਹੋ ਸਨ, ਜਿਨ੍ਹਾਂ ਨੇ ਅਜੇ ਪਹੁਲ ਲੈਣੀ ਸੀ। ਕੁਝ ਗਾਲੀ ਤੇ ਨਿਹਾਲੇ ਵਰਗਾ ਨਵੇਂ ਵਾ ਦਰਸ਼ਨ ਕਰਨ

ਆਏ ਸਨ, ਜਿਨ੍ਹਾਂ ਦਾ ਵਿਚਾਰ ਘਰੋਂ ਤੁਰਨ ਲਗਿਆਂ ਪਹੁਲ ਲੈਣ ਦਾ ਸੀ ਜਿੰਨਾਂ ਚਿਰ ਕੋਈ ਚਰਨ-ਪਹੁਲ ਨਾ ਲੈਂਦਾ ਉਨਾਂ ਚਿਰ ਉਸਨੂੰ ਸਿਖੀ ਮੰਡਲ ਦਾ ਸਤਾਰਾ ਨਾ ਮੰਨਿਆਂ ਜਾਂਦਾ। ਚਰਨ...ਪਹੁਲ ਦੇਣ ਸਮੇਂ ਸਤਿਗੁਰੂ ਜੀ ਕੁਝ ਮਰਯਾਦਾ ਦਸਦੇ ਤੇ ਨਾਮ ਦਾਨ ਇਸ਼ਨਾਨ ਵੀ ਬਖਸ਼ਿਸ਼ ਕਰਦੇ।

ਉਸ ਸਮੇਂ 'ਹੁਕਾ' ਪੀਣ ਦੀ ਚੰਦਰੀ ਬੀਮਾਰੀ ਬਹੁਤ ਪ੍ਰਚਲਤ ਹੋਈ ਹੋਈ ਸੀ। ਤਮਾਕੂ ਤੇ ਅੱਖ ਮਨੁਖ ਦੇ ਹਿਰਦੇ ਨੂੰ ਸਾੜ ਕੇ ਦਮੇ ਤੇ ਤਪਦਿਕ ਦੇ ਰੋਗ ਲਾਉਂਦੇ ਹਨ, ਹੱਥਾਂ ਤੇ ਬੁਲ੍ਹਾਂ ਨੂੰ ਅਪਵਿਤ੍ਰ ਕਰਨ ਦੇ ਨਾਲ ਬਦਬੂਦਾਰ ਬਣਾਉਂਦੇ ਹਨ। ਇਹ ਭੈੜਾ ਤੇ ਆਲਸੀ ਨਸ਼ਾ ਹੈ। ਹਿੰਦੂਆਂ ਵਿਚ ਇਹ ਬੀਮਾਰੀ ਮੁਗਲਾਂ ਮੁਸਲਮਾਨਾਂ ਨੇ ਖਿਲਾਰੀ ਸੀ। ਸਤਿਗੁਰੂ ਜੀ ਹਰ ਪਹਲ ਲੈਣ ਵਾਲੇ ਨੂੰ ਪਹਿਲਾਂ ਇਹ ਹੁਕਮ ਕਰਦੇ ਸਨ ਕਿ ਨਾ ਹੁਕੇ ਤਮਾਕੂ ਨੂੰ ਹੱਥ ਲਾਉਣਾ ਤੇ ਨਾ ਹੁਕਾ ਤਮਾਕੂ ਪੀਣ ਵਾਲੇ ਦੇ ਨਾਲ ਖਾਣਾ, ਕਿਉਂਕਿ ਸਤਿਗੁਰੂ ਜੀ ਭਾਰਤੀਆਂ ਵਿਚੋਂ ਆਲਸ ਖਤਮ ਕਰਕੇ ਉਨ੍ਹਾਂ ਨੂੰ ਹਿੱਕਾ ਤਣੀਆਂ ਵਾਲੇ ਜੋਧੇ ਬਣਾਉਣਾ ਚਾਹੁੰਦੇ ਸਨ। ਦਾਨੀ ਤੇ ਨਿਹਾਲ ਹੁਕੇ ਤਮਾਕੂ ਦੇ ਨੇੜੇ ਨਹੀਂ ਸਨ ਜਾਂਦੇ। ਹਾਂ ਦੇਵੀ ਦੇਵਤਿਆਂ ਦੇ ਜ਼ਰੂਰ ਪੁਜਾਰੀ ਸਨ। ਇਉਂ ਕਹਿ ਕਿ ਉਨ੍ਹਾਂ ਨੂੰ ਗਿਆਨ ਹੀ ਨਹੀਂ ਸੀ ਕਿ ਰਬ ਪੂਜਾ ਕੀ ਸੀ। ਉਹ ਤਾਂ ਕੁਦਰਤੀ ਤੇ ਗੈਰ ਕੁਦਰਤੀ ਮੁਸੀਬਤਾਂ ਤੋਂ ਬਚਨ ਦਾ ਸਾਧਨ ਹਰ ਉਸ ਸ਼ਕਤੀ ਨੂੰ ਸਮਝਦੇ ਸਨ, ਜਿਹੜੀ ਵੀ ਸ਼ਕਤੀ ਉਨ੍ਹਾਂ ਨੂੰ ਰੱਬ ਕਾਲ ਤੋਂ ਵਧ ਦਸੀ ਜਾਂਦੀ ਜਾਂ ਦਿਸਦੀ ਸੀ।

ਦਾਨੀ ਨੇ ਵੀ ਆਪਣੇ ਪਤੀ ਦੇਵ ਨਾਲ ਸਲਾਹ ਕਰ ਲਈ ਕਿ ਉਹ ਵੀ ਸਤਿਗੁਰੂ ਜੀ ਦੀ ਸਿਖੀ ਨੂੰ ਧਾਰਨ ਕਰ ਲੈਣ। ਸਲਾਹ ਪੱਕੀ ਹੋ ਗਈ ਬੱਚੇ ਵੀ ਸਿਖ ਬਣਨ ਲਈ ਤਿਆਰ ਹੋ ਗਏ। ਦੀਪੇ ਦਾ ਤਾਂ ਸੇਰ ਲਹੂ ਵਧ ਗਿਆ। ਅਜ ਕਿ ਉਸ ਵੇਲੇ ਉਸਨੂੰ ਇਹ ਨਹੀਂ ਸੀ ਪਤਾ ਕਿ ਸਤਿਗੁਰੂ ਜੀ ਦੀ ਸਿਖੀ ਤੇ ਹੋਰ ਮਤਾਂ ਵਿਚ ਕੀ ਫਰਕ ਸੀ। ਉਹ ਤਾਂ ਇਹ ਜਾਣ ਗਿਆ ਸੀ ਕਿ ਸਿਖਾਂ ਦੀਆਂ ਧੀਆਂ ਤਲਵਾਰ ਚਲਾਉਂਦੀਆਂ ਤੇ ਘੋੜ

ਸਵਾਰੀ ਕਰਦੀਆਂ ਹੋਈਆਂ ਬਹਾਦਰ ਬਣਦੀਆਂ ਸਨ, ਰਾਤ ਬੀਤ ਗਈ। ਅੰਮ੍ਰਿਤ ਵੇਲਾ ਹੋਇਆ ਸਾਰਿਆਂ ਨੇ ਸਤਲੁਜ ਦੇ ਜਲ ਵਿਚ ਇਸ਼ਨਾਨ ਕੀਤਾ ਤੇ ਸਤਿਗੁਰੂ ਦੇ ਦੀਵਾਨ ਵਿਚ ਜਾ ਬੈਠੇ।

ਸਾਰਿਆਂ ਨੇ ਸਤਿਗੁਰੂ ਜੀ ਪਾਸੋਂ ਚਰਨ ਪਹੁਲ ਪ੍ਰਾਪਤ ਕਰ ਲਈ।

੫.

ਦਾਨੀ ਦੇ ਛੋਟੇ ਜਹੇ ਪਰਵਾਰ ਨੇ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਲਿਆ। ਜੀਵਨ ਵਿਚ ਤਬਦੀਲੀ ਆ ਗਈ। ਜ਼ਿੰਦਗੀ ਵਿਚ ਨਵਾਂ ਹੀ ਭਖਾ ਆਇਆ। ਸਾਰਾ ਜਗਤ ਸੁੰਦਰ ਲੱਗਣ ਲੱਗਾ। ਨਵੀਂ ਹੀ ਖੁਸ਼ੀ ਵਿਚ ਜੀਉਣ ਲਗੇ। ਸਤਿਗੁਰ ਜੀ ਦੀ ਬਾਣੀ ਨਾਲ ਪਿਆਰ ਹੋ ਗਿਆ। ਉਸ ਸਮੇਂ ਸਤਿਗੁਰੂ ਜੀ ਦੇ ਹੁਕਮ ਨਾਲ ਮਸੰਦ ਇਲਾਕਿਆਂ ਵਿਚ ਫਿਰਦੇ ਹੁੰਦੇ ਹਨ। ਉਹ ਸਤਿਗੁਰਾਂ ਦੀ ਭੇਟਾ ਵੀ ਇਕੱਠੀ ਕਰਦੇ ਤੇ ਨਾਲ ਹੀ ਗੁਰਮਤਿ ਦਾ ਪ੍ਰਚਾਰ ਕਰਦੇ। ਉਨ੍ਹਾਂ ਮਸੰਦਾਂ ਨੂੰ ਗੁਰਮੁਖੀ ਤੇ ਦੇਵਨਾਗਰੀ ਅੱਖਰਾਂ ਦਾ ਗਿਆਨ ਹੁੰਦਾ ਸੀ। ਭਾਵ ਕਿ ਚੰਗੇ ਪੜ੍ਹੇ ਲਿਖੇ ਹੁੰਦੇ ਸਨ। ਉਨ੍ਹਾਂ ਦਾ ਧਰਮ ਹੁੰਦਾ ਸੀ ਕਿ ਗੁਰਸਿੱਖਾਂ ਤੇ ਉਨ੍ਹਾਂ ਦੇ ਬਚਿਆਂ ਨੂੰ ਗੁਰਮੁਖੀ ਅੱਖਰਾਂ ਦਾ ਗਿਆਨ ਕਰਾ ਕੇ ਬਾਣੀ ਦੇ ਹੱਥ ਲਿਖ ਪਤਰੇ ਤੇ ਪੋਥੀਆਂ ਪੜ੍ਹਨ ਨੂੰ ਦਿੰਦੇ। ਬਾਬੇ ਬਾਲੇ ਵਾਲੀ ਜਨਮ ਸਾਖੀ ਦੀਆਂ ਸੁੰਦਰ ਜਿਲਦਾਂ ਆਮ ਕਰਕੇ ਵੰਡੀਆਂ ਜਾਂਦੀਆਂ ਸਨ। ਛਾਪੇ ਖਾਨੇ ਨਹੀਂ ਸੀ। ਸਾਰੀ ਲਿਖਤ ਹਥੀਂ ਕੀਤੀ ਜਾਂਦੀ ਸੀ।

ਸੁੰਦਰ ਮਸੰਦ ਦੁਬਾਲ ਦੇ ਇਲਾਕੇ ਵਿਚ ਰਹਿੰਦਾ ਸੀ। ਉਹ ਚੰਗਾ ਉਚਾ ਲੰਮਾ ਜਵਾਨ ਤੇ ਤਕੜਾ ਪੇਟੂ ਸੀ। ਮਾੜਾ ਘਰ ਤਾਂ ਉਸ ਦਾ ਪੇਟ ਵੀ ਨਹੀਂ ਸੀ ਭਰ ਸਕਦਾ। ਉਹ ਪੜ੍ਹਿਆ ਲਿਖਿਆ ਚੰਗਾ ਸੀ। ਇਕ ਦਿਨ ਉਹ ਫਿਰਦਾ ਫਿਰਾਂਦਾ ਦਾਨੀ ਦੇ ਪਿੰਡ ਆ ਗਿਆ। ਉਸ ਵੇਲੇ ਗੁਰੂ ਦੇ ਸਿਖਾਂ ਵਿਚ ਗੁਰ ਭਾਈਆਂ ਤੇ ਗੁਰ ਸੇਵਕਾਂ ਦੀ ਸੇਵਾ ਕਰਨ ਦਾ

ਦਿਲੀ ਚਾਅ ਹੁੰਦਾ ਸੀ। ਭੋਲੇ ਭਾਲੇ ਸਿੱਖ ਮਸੰਦਾਂ ਨੂੰ ਗੁਰੂ ਰੂਪ ਸਮਝਦੇ ਹਨ।

ਸੁੰਦਰ ਦੇ ਪਿੰਡ ਵੜਨ ਤੇ ਸਾਰੇ ਗੁਰ ਸਿੱਖਾਂ ਨੂੰ ਆਨੰਦ ਮੰਗਲਾਚਾਰ ਦਾ ਸਰੂਰ ਚੜ੍ਹ ਗਿਆ। ਸੁੰਦਰ ਦੇ ਚਰਨਾਂ ਉਪਰ ਮੱਥਾ ਟੇਕ ਟੇਕ ਕੇ ਚੜ੍ਹਾਵਾ ਭੇਟ ਕਰਨ ਲਗੇ। ਰੇਜੇ, ਫੁਲਕਾਰੀਆਂ ਨਗਦ ਰੁਪਏ ਅਤੇ ਗੁੜ੍ਹ ਆਦਿਕ ਜੋ ਵੀ ਵਸਤੂਆਂ ਪਿੰਡਾਂ ਵਾਲਿਆਂ ਨੂੰ ਪ੍ਰਾਪਤ ਹੋ ਸਕੀਆਂ ਸਨ, ਉਹ ਗੁਰੂ ਕਾਰ ਭਟਾ ਦੇ ਰੂਪ ਵਿਚ ਭੇਟਾ ਚਰਥੇ ਗਏ। ਸੁੰਦਰ ਨੂੰ ਵਰਜ ਵਰਜ ਕੇ ਰਟੀ ਖੁਆਉਣੀ ਵੀ ਸ਼ੁਰੂ ਕੀਤੀ।

ਦਾਨੀ ਤੇ ਉਸਦੇ ਪਤੀ ਨੇ ਵੀ ਸਲਾਹ ਕੀਤੀ ਕਿ ਗੁਰ ਸੇਵਕ ਨੂੰ ਭੰਡਾਰਾ ਛਕਾਉਣਾ, ਦੋ ਮੱਝਾਂ ਲਵੇਰੀਆਂ ਸਨ। ਗੁੜ ਤੇ ਸ਼ੱਕਰ ਘਰ ਦੀ ਸੀ। ਦਾਨੀ ਜਾ ਕੇ ਸੁੰਦਰ ਦੀ ਰੋਟੀ ਵਰਜ ਆਈ। ਦੁਪਹਿਰੇ ਸੁੰਦਰ ਉਨ੍ਹਾਂ ਦੇ ਘਰ ਪਜਾ। ਵਡੇ ਮੰਜੇ ਉਤੇ ਤਲਾਈ ਤੇ ਖੇਸਾ ਵਾਲਾ ਬਿਸਤਰਾ ਵਿਛਾਇਆ ਗਿਆ। ਉਸ ਉਤੇ ਸੁੰਦਰ ਨੂੰ ਬਿਠਾਇਆ ਤੇ ਉਸ ਦੇ ਚਰਨ ਧੋ ਕੇ ਚਰਨਾਮ੍ਰਿਤ ਸਾਰੇ ਪ੍ਰਵਾਰ ਨੇ ਪੀਤਾ। ਸਤਿਗੁਰੂ ਜੀ ਦੇ ਬਚਨ ਸਣੇ। ਰੀਝਾਂ ਨਾਲ ਤਿਆਰ ਕੀਤਾ ਹੋਇਆ ਭੰਡਾਰਾ ਛਕਾਇਆ। ਉਸ ਭੰਡਾਰੇ ਵਿਚ ਖੀਰ, ਕੜਾਹ, ਮਾਹ ਦੀ ਦਾਲ ਅਤੇ ਦਾਨੀ ਦੇ ਹੱਥਾਂ ਦੇ ਪੱਕੇ ਹੋਏ ਪਰੌਂਠੇ ਸਨ। ਸੁੰਦਰ ਨੇ ਰੱਜ ਕੇ ਭੋਜਨ ਕੀਤਾ, ਪੰਜ ਰੁਪਏ ਤੇ ਇਕ ਰੇਜਾ ਦਛਣਾ ਦਿਤੀ।

ਦਾਨੀ ਨੇ ਦਿਲ ਦੀ ਰੀਝ ਪ੍ਰਗਟ ਕੀਤੀ, 'ਮਹਾਰਾਜ! ਕੰਨਿਆ ਦੀਪੋ ਨੂੰ ਚਾਰ ਅੱਖਰ ਗੁਰਮੁਖੀ ਦੇ ਪੜ੍ਹਾਉਣਾ ਚਾਹੁੰਦੇ ਆਂ, ਗੁਰਬਾਣੀ ਦਾ ਪਾਠ ਕਰ ਲਿਆ ਕਰੇਗੀ।'

ਸੁੰਦਰ ਨੇ ਦੀਪੋ ਵਲ ਦੇਖ ਕੇ ਉਤਰ ਦਿਤਾ, 'ਆ! ਆਂ! ਕੰਨਿਆਂ ਭੁਯੰਗੀ ਨੂੰ ਜ਼ਰੂਰ ਪੜ੍ਹਾਉਣਾ ਚਾਹੀਦਾ ਏ। ਵਿਦਿਆ ਤੀਸਰਾ ਨੇਤ੍ਰ ਐ। ਕੰਨਿਆਂ ਬਹੁਤ ਸਿਆਣੀ ਪ੍ਰਤੀਤ ਹੁੰਦੀ ਏ! ਉਰੇ ਆ ਖਾਂ ਬੇਟੀ।'

ਦੀਪੋ ਸੁੰਦਰ ਦੇ ਸਦੇ ਤੇ ਉਸ ਦੇ ਨੇੜੇ ਹੋ ਗਈ। ਸੁੰਦਰ ਨੇ ਉਸ ਦੇ ਸਿਰ ਉਤੇ ਪਿਆਰ ਦਿਤਾ। ਉਸ ਨੂੰ ਧੀਆਂ ਵਾਂਗ ਆਪਣ ਨੇੜੇ ਕਰਕੇ ਲਾਡ ਨਾਲ ਕਿਹਾ—'ਪੁਤ੍ਰੀ! ਪੜ੍ਹੇਂਗੀ!!'

'ਜੀ ਪੜ੍ਹਾਏਂਗੀ, ਮੈਨੂੰ ਸਤਿਗੁਰੂ ਜੀ ਦੀ ਬਾਣੀ ਚੰਗੀ ਲਗਦੀ ਏ।' ਦੀਪੋ ਦਾ ਉਤਰ ਸੀ।

ਉਸ ਵੇਲੇ ਦੀਪੋ ਦੀ ਉਮਰ ਤੇਰਾਂ ਸਾਲ ਦੀ ਸੀ। ਸਾਰੇ ਪ੍ਰਵਾਰ ਨੂੰ ਸਿਖੀ ਦੀ ਰੰਗਣ ਚੜ੍ਹ ਚੁਕੀ ਸੀ ਤੇ ਦਿਨੇ ਰਾਤ ਗੁਰੂ ਘਰ ਦੀ ਚਰਚਾ ਅਤੇ 'ਸਤਿਨਾਮ ਵਾਹਿਗੁਰੂ' ਦੇ ਸਿਮਰਨ ਦੀ ਧੁਨ ਗੂੰਜਦੀ ਰਹਿੰਦੀ। ਸਾਰੇ ਦੇਵੀ ਦੇਵਤੇ, ਗੁਗਾ ਤੇ ਸੁਲਤਾਨੀਏ ਆਦਿਕ ਪੀਰਾਂ ਫਕੀਰਾਂ ਦਾ ਭੈ ਘਰੋਂ ਤੇ ਦਿਲਾਂ ਵਿਚੋਂ ਉਡ ਚੁਕਾ ਸੀ, ਜਦੋਂ ਕੋਈ ਸ਼ੇਰ ਦੀ ਸ਼ਰਨ ਵਿਚ ਚਲਾ ਜਾਏ ਤਾਂ ਉਹ ਗਿਦੜਾਂ ਤੇ ਕੁਤਿਆਂ ਕੋਲੋਂ ਨਹੀਂ ਡਰਦਾ। ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਿਖ ਨੂੰ ਤਾਂ ਜਮ ਦਾ ਭੈ ਨਹੀਂ ਵਿਆਪਦਾ।

ਸਿਖੀ ਦੀ ਰੰਗਣ ਚੜ੍ਹਨ ਨਾਲ ਦੀਪੋ ਦਾ ਰੂਪ ਵੀ ਨਿਖਰ ਆਇਆ। ਮਾਸੂਮ ਕੁਵਾਰਾ-ਪਨ ਇਕ ਫੁਲ ਦੀ ਤਰ੍ਹਾਂ ਸੁੰਦਰ ਹੁੰਦਾ ਹੈ। ਬਸੰਤ ਰਿਤੂ ਦਾ ਰੂਪ ਤੇ ਰੱਬ ਦਾ ਪ੍ਰਕਾਸ਼ ਹੁੰਦਾ ਹੈ। ਖੁਲ੍ਹੀ ਹਵਾ, ਸੰਤੁਸ਼ਟਤਾ, ਖੁਸ਼ੀ ਖੁਰਾਕ ਅਤੇ ਬੇ-ਫ਼ਿਕਰੀ ਵਿਚ ਸਿਮਰਨ ਕਰਨ ਨਾਲ ਉਸ ਦੀ ਆਤਮਾ ਬਲਵਾਨ ਹੋ ਗਈ। ਆਤਮਾ ਬਲਵਾਨ ਹੋਏ ਤਾਂ ਸਰੀਰਕ ਦਸ਼ਾ ਕੁਦਰਤੀ ਚੰਗੀ ਹੋ ਜਾਂਦੀ ਹੈ। ਜਿਸਦੀ ਆਤਮਾ ਖੁਸ਼ ਹੋਵੇ, ਮੈਲੀ ਤੇ ਜ਼ਖਮੀ ਹੋਵੇ ਉਸਦਾ ਤਨ ਵੀ ਮਲੀਨ ਤੇ ਰੋਗਾਂ ਦਾ ਘਰ ਆਲਸ ਦਾ ਭਰਾ ਹੁੰਦਾ ਹੈ।

ਉਸੇ ਦਿਨ ਹੀ ਸੁੰਦਰ ਨੇ ਧਰਤੀ ਉਤੇ ਸਵਾਹ ਖਿਲਾਰ ਕੇ ਹੱਥ ਦੀ ਉਂਗਲੀ ਨਾਲ ਓ ਅੰੜਾ (ਪੈਂਤੀ ਅੱਖਰ) ਲਿਖਤੀ ਦੀਪੋ ਨੂੰ ਸਿਖਾਉਣ ਸ਼ੁਰੂ ਕੀਤਾ। ਦੀਪੋ ਨੂੰ ਪੜ੍ਹਨ ਦੀ ਲਗਨ ਸੀ। ਸਾਰਾ ਦਿਨ ਧਰਤੀ ਉਤੇ ਉਂਗਲ ਘਸਾਉਂਦੀ ਰਹੀ। ਸ਼ਾਮ ਤਕ ਪੈਂਤੀ ਦੇ ਪੈਂਤੀ ਅੱਖਰ ਹੀ ਲਿਖਣੇ

ਸਿਖ ਲਏ। ਅਗਲੇ ਦਿਨ ਲਗਾਂ ਅਰੰਭ ਹੋਈਆਂ। ਲੱਗਾਂ ਔਖੀਆਂ ਸਨ ਮੁਹਾਰਨੀ ਲਿਖਣੀ ਸ਼ੁਰੂ ਕੀਤੀ। ਭੁਲ ਜਾਂਦੀ, ਫਿਰ ਲਿਖਦੀ ਘਰ ਦੇ ਕੰਮ ਕਾਜ-ਕੁੜੀਆਂ ਨਾਲ ਖੇਡਣਾ, ਬਾਹਰ ਰੋਟੀ ਲਿਆਣੀ ਆਦਿਕ ਧੰਦਿਆਂ ਦਾ ਤਿਆਗ ਕਰ ਦਿਤਾ। ਇਕ ਚਿਤ ਹੋ ਕੇ ਪੜ੍ਹਨ ਲਗੀ।

ਸੁੰਦਰ ਵੀਹ ਦਿਨ ਉਸ ਪਿੰਡ ਵਿਚ ਰਿਹਾ। ਵੀਹਾਂ ਦਿਨਾਂ ਵਿਚ ਦੀਪੋ ਗੁਰਮੁਖੀ ਅੱਖਰ, ਮਾਤ੍ਰਾਂ ਅਤੇ ਮਤ੍ਰਾਂ ਦੀਆਂ ਆਵਾਜ਼ਾਂ ਨੂੰ ਜਾਣ ਗਈ। ਉਹ ਨਾਵੇਂ ਲਿਖ ਕੇ ਉਠਾਉਣ ਲਗੀ। ਉਸ ਸਮੇਂ ਨਾ ਬਾਲ ਉਪਦੇਸ਼ ਹੁੰਦੇ ਸਨ ਤੇ ਨਾ ਪੁਸਤਕਾਂ, ਹੱਥ ਲਿਖੇ ਪਤਰੇ ਜਾਂ ਗੁਟਕੇ ਹੁੰਦੇ ਸਨ। ਮਸੰਦ ਨੇ ਪ੍ਰਸੰਨ ਹੋ ਕੇ ਦੀਪੋ ਨੂੰ 'ਜਪੁਜੀ ਸਾਹਿਬ' ਤੇ 'ਚੰਡੀ ਦੀ ਵਾਰ' ਦੇ ਹੱਥ ਲਿਖਤ ਪਤਰੇ ਦਿਤੇ। ਉਸ ਨੇ ਦੀਪੋ ਨੂੰ ਇਹ ਵੀ ਆਖਿਆ- 'ਪੁੱਤ੍ਰੀ ਦੋਹਾਂ ਬਾਣੀਆਂ ਨੂੰ ਕੰਠ ਕਰਕੇ ਸਵੇਰੇ ਤੇ ਦੁਪਹਿਰੇ ਪਾਠ ਵੀ ਕਰਿਆ ਕਰਨਾ। ਚੰਡੀ ਦੀ ਵਾਰ ਦਾ ਜੇ ਕੋਈ ਦੁਪਹਿਰੇ ਪਾਠ ਕਰੇ ਤਾਂ ਉਹ ਤਕੜਾ ਬਹਾਦਰ ਬਣਦਾ ਹੈ। ਵੈਰੀਆਂ ਨੂੰ ਜਿਤਦਾ ਤੇ ਦੁਸ਼ਟਾਂ ਦਾ ਨਾਸ ਕਰਦਾ ਹੈ। ਸ੍ਰੀ ਜਪੁਜੀ ਸਾਹਿਬ ਦਾ ਸਵੇਰੇ ਪਾਠ ਕਰਨ ਨਾਲ ਜੀਵਨ ਸਫਲ ਹੁੰਦਾ ਤੇ ਜਮ ਦਾ ਡਰ ਦੂਰ ਹੁੰਦਾ ਹੈ। ਇਹੋ ਸਤਿਗੁਰੂ ਜੀ ਦੀ ਆਗਿਆ ਹੈ।

ਦੀਪੋ ਨੇ ਸੁੰਦਰ ਮਸੰਦ ਦੇ ਬਚਨਾਂ ਨੂੰ ਸੁਣ ਕੇ ਸਿਰ ਝੁਕਾ ਕੇ ਆਖਿਆ— ਕੰਠ ਕਰਾਂਗੀ ਤੇ ਪਾਠ ਵੀ ਸਵੇਰੇ ਦੁਪਹਿਰੇ ਕਰਿਆ' ਕਰਾਂਗੀ।'

ਸੁੰਦਰ ਮਸੰਦ ਜਿਸ ਦਿਨ ਪਿੰਡੋਂ ਵਿਦਾ ਹੋਣ ਲਗਾ ਤਾਂ ਦਾਨੀ ਨੇ ਸਤਿਗੁਰੂ ਜੀ ਦੀ ਕਾਰ-ਭੇਟ ਕੀਤੀ। ਉਸ ਨੂੰ ਪ੍ਰਸੰਨ ਕਰਕੇ ਤੋਰਿਆ।

੬.

ਤਿੰਨ ਸਾਲ ਪਿਛੋਂ—

ਸਿਆਲ ਦੇ ਦਿਨ ਸਨ, ਦੁਪਹਿਰੇ ਦੋ ਵਜੇ ਦਾ ਸਮਾਂ ਹੋਵੇਗਾ। ਆਪਣੇ ਘਰ ਦੇ ਖੁਲੇ ਵਿਹੜੇ ਵਿਚ ਦੀਪੋ ਧਰਤੀ ਉਤੇ ਬੀਰ-ਆਸਣ ਚੌਂਕੜਾ ਮਾਰ ਕੇ ਬੈਠੀ ਸੀ। ਉਸ ਦੇ ਹੇਠਾਂ ਖੱਲਦ ਦਾ ਝੁਲ ਵਿਛਿਆ ਸੀ। ਕੁੜਤੇ ਦੇ ਉਪਰ ਕਮਰ-ਕਸਾ ਸੀ ਤੇ ਦੋਹਾਂ ਹੱਥਾਂ ਵਿਚ ਨੰਗੀ ਤਲਵਾਰ ਦੀ ਮੁਠ ਸੀ। ਨੈਣ ਮੂੰਦੇ ਹੋਏ ਸਨ। ਅੰਤਰ ਧਿਆਨ ਹੋ ਕੇ ਉਹ 'ਚੰਡੀ ਦੀ ਵਾਰ' ਦਾ ਪਾਠ ਉਸੇ ਵਿਧੀ ਨਾਲ ਕਰ ਰਹੀ ਸੀ, ਜਿਹੜੀ ਵਿਧੀ ਉਸਨੂੰ ਸੁੰਦਰ ਮਸੰਦ ਨੇ ਦਸੀ ਸੀ।

ਦਾਨੀ ਤੇ ਦੋ ਤਿੰਨ ਹੋਰ ਇਸਤ੍ਰੀਆਂ ਉਸ ਦੇ ਪਿਛਲੇ ਪਾਸੇ ਚੁਪ ਚਾਪ ਬੈਠੀਆਂ ਹੋਈਆਂ ਪਾਠ ਸਰਵਨ ਕਰ ਰਹੀਆਂ ਸਨ।

ਪਾਠ ਕਰਨ ਦੇ ਸਮੇਂ ਦੀਪੋ ਸਚ ਮੁਚ ਚੰਡਕਾ ਦੇਵੀ ਦੁਰਗਾ ਦਾ ਰੂਪ ਪ੍ਰਤੀਤ ਹੋ ਰਹੀ ਸੀ। ਉਸ ਦੇ ਚਿਹਰੇ ਉਤੇ ਸਰਵਨ ਚੱਕਰ ਸੀ। ਸੰਤਨੀ ਐਂਗਸ ਜਾਨ ਆਫ ਆਰਕ ਵਾਂਗ ਉਸ ਦੀਆਂ ਗਲ੍ਹਾਂ ਤੋਂ ਲਾਲੀ ਚੋਂਦੀ ਸੀ। ਪਵਿਤ੍ਰ ਬੁਲ੍ਹ ਫਰਕੀ ਜਾਂਦੇ ਸਨ। ਕੰਠ ਕੀਤਾ ਹੋਇਆ ਪਾਠ ਬੜੀ ਸਰਲਤਾ ਨਾਲ ਕਰੀ ਜਾਂਦੀ ਸੀ। ਉਸ ਦਾ ਧਿਆਨ ਕਲਗੀਆਂ ਵਾਲੇ ਪਿਤਾ ਦੇ ਕਮਲ-ਚਰਨਾਂ ਨਾਲ ਜੁੜਿਆ ਸੀ। ਹਰ ਪਉੜੀ ਦੀ ਅੰਤਲੀ ਤੁਕ ਪੜ੍ਹਨ ਸਮੇਂ ਤਲਵਾਰ ਨੂੰ ਆਪਣੇ ਮੱਥੇ ਨਾਲ ਲਾ ਲੈਂਦੀ ਸੀ।

ਦੀਪੋ ਦੇ ਹੱਥ ਦੀ ਤਲਵਾਰ ਸ਼ੁਧ ਫੁਲਾਦ ਦੀ ਬਣੀ ਹੋਈ ਬਿਜਲੀ ਵਾਂਗ ਲਿਸ਼ਕਦੀ ਸੀ। ਉਸ ਦੇ ਪਿਤਾ ਨੇ ਉਹ ਤਲਵਾਰ ਉਚੇਚੀ ਤਿਆਰ

ਕਰਵਾ ਕੇ ਦਿਤੀ ਸੀ। ਲਾਗੇ ਹੀ ਤੀਰ ਕਮਾਨ ਪਈ ਸੀ। ਢਾਲ ਦੀਪੋ ਦੇ ਮੋਢਿਆਂ ਉਤੇ ਸੀ। ਵੇਖਣ ਵਾਲੇ ਨੂੰ ਉਹ ਇਉਂ ਪ੍ਰਤੀਤ ਹੁੰਦੀ ਸੀ ਜਿਵੇਂ ਕਿ ਉਹ ਜੰਗ ਨੂੰ ਜਾ ਰਹੀ ਸੀ।

ਮਹਿਖਾਸੁਰ ਸੁੰਭ ਨਿਸੁੰਭ ਨਾਲ ਜੁਧ ਕਰਦੀ ਹੋਈ ਦੁਰਗਾ ਦੀ ਝਾਕੀ ਉਸ ਦ ਮੁੰਦ ਹੋਏ ਨੇਤਰਾਂ ਦ ਅਗੇ ਸੀ। ਉਸਦਾ ਹੁਕਮ ਸੀ ਉਸਦਾ ਪਾਠ ਕਰਨ ਸਮੇਂ ਕੋਈ ਉਸ ਦ ਅਗੋਂ ਨਾ ਲੰਘ। ਇਸੇ ਕਰਕੇ ਪਾਠ ਸਮੇਂ ਉਸਦੀ ਮਾਤਾ ਦਾਨੀ ਕੋਲ ਬੈਠੀ ਰਹਿੰਦੀ ਸੀ।

ਚੰਡੀ ਦੀ ਵਾਰ ਦਾ ਪਾਠ ਸਮਾਪਤ ਹੋਇਆ। ਉਸਨੇ ਉਠ ਕੇ ਅਰਦਾਸ ਬੇਨਤੀ ਕੀਤੀ ਤੇ ਇਹ ਸਵੱਯਾ ਪੜ੍ਹਿਆ:-

ਦਹ ਸ਼ਿਵਾ ਬਰ ਮੋਹਿ......

ਆਸਣ ਤੋਂ ਉਠ ੇ ਦੀਪੋ ਨੇ ਆਪਣੀ ਮਾਤਾ ਦ ਚਰਨਾਂ ਉਤੇਂ ਮਥਾ ਟੇਕਿਆ ਉਸ ਨੇ ਅਸੀਸ ਦਿਤੀ।

'ਮਾਤਾ ਜੀ ਮੈਂ ਬਾਹਰ ਚਲੀ ਆਂ।'

'ਕਿਉਂ ਬੇਟੀ।'

ਦਾਨੀ ਨੇ ਪੁਛਿਆ।

ਘੋੜੀ ਲੈ ਜਾਵਾਂਗੀ, ਤੀਰ ਕਮਾਨ ਨਾਲ ਸ਼ਿਕਾਰ ਲਿਆਵਾ। ਆਪਣੇ ਖੇਤਾ ਵਿਚ ਜਾਵਾਂਗੀ।'

'ਬੇਟੀ ! ਡਰ ਨਾ ਜਾਈਂ ਸਮੇਂ ਭੈੜੇ ਹਨ। ਸਤਿਗੁਰੂ ਜੀ ਤੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ।'

ਤਲਵਾਰ ਗਾਤਰੇ ਪਾ ਲਈ, ਇਕ ਮੋਢੇ ਨਾਲ ਢਾਲ ਤੇ ਦਸਰੇ ਨਾਲ ਤੀਰਾਂ ਦਾ ਭੱਥਾ (ਤਰਕਸ਼) ਟੰਗ ਲਿਆ। ਲੋਹੇ ਦੀ ਤ੍ਰਿਖੀ ਮੋਹਰੀ ਵਾਲੇ ਤੀਰ ਸਨ। ਕਮਾਨ ਨੂੰ ਹੱਥ ਵਿਚ ਫੜਕੇ ਇਕ ਫੌਜੀ ਸੈਨਾਪਤੀ ਦੀ ਤਰ੍ਹਾਂ ਉਹ ਘਰੋਂ ਨਿਕਲੀ। ਪਿੰਡ ਦੀਆਂ ਇਸਤਰੀਆਂ ਬੱਚੇ ਤੇ ਮਰਦ ਉਸ ਦੇ ਰੋਜ਼ਾਨਾ ਕਰਤਵ ਦੇਖ ਕੇ ਹੈਰਾਨ ਰਹਿੰਦੇ ਸਨ ਉਸ ਨੂੰ ਕੋਈ ਰੱਬੀ ਸ਼ਕਤੀ ਦਾ ਅਵਤਾਰ ਸਮਝ ਕੇ ਹਾਸਾ ਕਰਨ ਦੀ ਬ

ਸਤਿਕਾਰ ਕਰਦੇ ਸਨ।

ਉਹ ਸਾਹਮਣੀ ਹਵੇਲੀ ਵਿਚ ਪੁਜੀ। ਉਸ ਨੇ ਘੋੜੀ ਉਤੇ ਕਾਠੀ ਪਾਈ ਤੇ ਪਲਾਕੀ ਮਾਰ ਕੇ ਸਵਾਰ ਹੋ ਗਈ। ਹਵੇਲੀ ਦੇ ਬਾਹਰ ਹੁੰਦਿਆਂ ਹੀ ਘੋੜੀ ਨੂੰ ਅਡੀ ਲਾਈ ਤੇ ਘੋੜੀ ਚਾਰੇ ਸੁੰਭ ਚੁਕ ਕੇ ਨਠ ਉਠੀ। ਇਕ ਸ਼ਾਹ ਸਵਾਰ ਵਾਂਗ ਦੀਪੋ ਹਵਾ ਵਿਚ ਗਲਾਂ ਕਰਨ ਲਗੀ। ਉਸੇ ਤਰਾਂ ਘੋੜੀ ਨੂੰ ਨਸਾਉਂਦੀ ਸੀ, ਜਿਵੇਂ ਉਹ ਸ੍ਰੀ ਅਨੰਦ ਪੁਰ ਸਾਹਿਬ ਹੋਰਨਾਂ ਨੂੰ ਘੋੜੀਆਂ ਭਜਾਉਂਦੀਆਂ ਵੇਖ ਆਈ ਸੀ।

ਉਸ ਸਮੇਂ ਮਾਝੇ ਵਿਚ ਬੇ ਅੰਤ ਖੁਲੀਆਂ ਜੂਹਾਂ ਤੇ ਸੰਘਣੇ ਬਿਰਨ ਵਾਲੀਆਂ ਰਖਾਂ ਸਨ। ਉਹਨਾਂ ਰਖਾਂ ਵਿਚ ਹਿਰਨ, ਸ਼ੇਰ, ਜੰਗਲੀ ਕੁਕੜ ਸੂਰ ਅਤੇ ਕਈ ਪ੍ਰਕਾਰ ਦੇ ਪੰਛੀ ਹੁੰਦੇ ਸਨ ਸ਼ਿਕਾਰ ਖੇਡਣ ਦਾ ਲੋਕਾਂ ਨੂੰ ਬਹੁਤ ਸ਼ੌਕ ਹੁੰਦਾ ਸੀ। ਨੇਜ਼ੇ, ਗੰਡਾਸੇ, ਤਲਵਾਰ ਤੇ ਤੀਰ ਚਾਰ ਹਥਲੇ ਹਥਿਆਰ ਸਨ। ਸ਼ਿਕਾਰੀ ਕੁਤੇ ਵੀ ਸ਼ਿਕਾਰੀਆਂ ਨੇ ਬਹੁਤ ਰਖੇ ਹੁੰਦੇ ਸਨ। ਪਿਛਲੇ ਪਹਿਰ ਸ਼ਿਕਾਰੀ ਸ਼ਿਕਾਰ ਖੇਡਦੇ, ਪੰਜਾਬ ਵਿਚ ਮੁਗਲਾਂ ਦਾ ਜ਼ੋਰ ਸੀ ਔਰੰਗਜ਼ੇਬ ਬਾਦਸ਼ਾਹ ਦੇ ਤੁਅਸਬੀ ਮੁਸਲਮਾਨ ਹੋਣ ਕਰਕੇ ਹਿੰਦੂਆਂ ਨੂੰ ਜੀਵਨ ਖੁਲਾਂ ਨਹੀਂ ਸਨ। ਉਹ ਗੁਲਾਮ ਸਨ ਤੇ ਸਰਦਾਰੀ ਦੇ ਕੰਮ ਨਹੀਂ ਸਨ ਕਰ ਸਕਦ। ਰਾਖਵੀਆਂ ਰੱਖਾਂ ਵਿਚ ਕੋਈ ਹਿੰਦੂ ਜਵਾਨ ਸ਼ਿਕਾਰ ਨਹੀਂ ਸੀ ਖੇਡ ਸਕਦਾ। ਪਿੰਡ ਦੀਆਂ ਰਖਾਂ ਤੇ ਜੂਹਾਂ ਵਿਚ ਹੀ ਪਿੰਡ ਦੇ ਲੋਕ ਸ਼ਿਕਾਰ ਖੇਡਦੇ ਸਨ।

ਸੋਲਾਂ ਸਾਲ ਦੀ ਮੁਟਿਆਰ ਦੀਪੋ ਸ਼ਿਕਾਰ ਨੂੰ ਚੜੀ। ਆਪਣੇ ਖੇਤਾਂ ਵਿਚ ਪੁਜ ਗਈ। ਉਸ ਦੇ ਖੇਤਾਂ ਦੇ ਕੋਲ ਹੀ ਪਿੰਡ ਦੀ ਖੁਲੀ ਚਾਰ ਗਾਹ ਸੀ। ਉਸ ਵਿਚ ਹਿਰਨ ਤੇ ਸੂਰ ਵੀ ਸਨ। ਉਹ ਦੋਵੇਂ ਫਸਲਾਂ ਦਾ ਬਹੁਤ ਸਤਿਆਨਾਸ ਕਰਦੇ ਸਨ। ਉਸ ਜੂਹ ਵਿਚ ਜਾ ਕੇ ਦੀਪੋ ਤੀਰ-ਅੰਦਾਜ਼ੀ ਦਾ ਅਭਿਆਸ ਕਰਿਆ ਕਰਦੀ ਸੀ। ਉਹ ਪੰਛੀਆਂ ਦਾ ਨਿਸ਼ਾਨਾ ਲੈਂਦੀ। ਹਿਰਨਾਂ ਤੇ ਸੂਰਾਂ ਪਿਛੇ ਤੀਰ ਛਡਦੀ, ਅਸਮਾਨ ਵਲ ਤੇ ਖੁਲੀ ਧਰਤੀ ਵਲ ਖਾਲੀ ਤੀਰ ਚਲਾ ਕੇ ਵੀ ਛਡਦੀ।

ਉਸ ਨੇ ਘੋੜੀ ਖੇਤ ਵਲ ਮੋੜੀ ਉਸ ਦਾ ਵੀਰ ਮਕਈ ਦੀ ਰਾਖੀ ਕਰ ਰਿਹਾ ਸੀ। ਉਸ ਨੇ ਆਵਾਜ਼ ਦਿਤੀ-'ਦੀਪੋ!'

ਦੀਪੋ ਨੇ ਘੋੜੀ ਦੀਆਂ ਵਾਗਾਂ ਕਸੀਆਂ। ਉਸ ਨੂੰ ਰੋਕ ਕੇ ਆਪਣੇ ਵੀਰ ਨੂੰ ਉਸ ਦੀ ਹਾਕ ਦਾ ਉਤਰ ਦਿਤਾ-'ਆਵਾਂਗੀ!'

ਉਸ ਨੂੰ ਹਾਕ ਦੇ ਕੇ ਫਿਰ ਘੋੜੀ ਨੂੰ ਅਡੀ ਲਾਈ।

ਉਹ ਜੂਹ ਵਿਚ ਜਾ ਪੁਜੀ, ਸੈਂਕੜੇ ਘੁਮਾਂ ਵਿਚ ਜੂਹ ਸੀ। ਕਿਕਰ ਟਾਹਲੀ, ਫਰਵਾਂਹ, ਧਰੇਕਾਂ ਨਿੱਮ, ਸ਼ਰੀਂਹ ਆਦਿਕ ਦੇ ਉਚੇ ੨ ਪੁਰਾਣੇ ਦਰਖਤ ਖਲੋਤੇ ਸਨ। ਘਾਹ, ਝਾੜੀਆਂ ਆਦਿਕ ਦਾ ਵੀ ਅੰਤ ਨਹੀਂ ਸੀ। ਚੌਗਰਦੇ ਇਕਾਂਤ ਸੀ। ਦੀਪੋ ਨੇ ਇਕ ਪੰਛੀ ਵਲ ਤੀਰ ਛਡਿਆ, ਉਸ ਦਾ ਨਿਸ਼ਾਨਾ ਨਾ ਚੁਕਿਆ। ਪੰਛੀ ਉਲਟ ਕੇ ਧਰਤੀ ਤੇ ਆ ਡਿਗਾ ਉਸ ਨੂੰ ਦੂਸਰੇ ਤੀਰ ਦੀ ਨੋਕ ਨਾਲ ਉਪਰ ਚੁਕ ਕੇ ਘੋੜੀ ਦੀ ਕਾਠੀ ਨਾਲ ਲਗੀ ਖੁਰਜੀ ਵਿਚ ਸੁਟ ਲਿਆ।

ਉਸ ਦੀ ਨਿਗਾਹ ਜੰਗਲੀ ਸੂਰ ਪਿਆ, ਤਕੜਾ ਮਾਰੂ ਸੂਰ ਸੂਰ ਨੇ ਵੀ ਉਸ ਨੂੰ ਦੇਖਿਆ ਤੇ ਘੂਰਕ ਕੇ ਉਹਦੇ ਵਲ ਵਧਿਆ। ਉਸ ਨੇ ਤੀਰ ਦਾ ਨਿਸ਼ਾਨਾ ਲੈ ਕੇ ਕਮਾਨ ਦੀ ਤੰਦੀ ਤੋਂ ਤੀਰ ਛਡ ਦਿਤਾ। ਤੀਰ ਸੂਰ ਦੇ ਅਗਲੇ ਫਰ ਵਿਚ ਲਗਾ, ਸੂਰ ਨੂੰ ਗੁਸਾ ਚੜ੍ਹ ਗਿਆ, ਉਹ ਹੋਰ ਅਗੇ ਵਧਿਆ। ਦੀਪੋ ਨੇ ਘੋੜੀ ਨੂੰ ਪਾਸੇ ਭੁਆ ਕੇ ਇਕ ਤੀਰ ਹੋਰ ਛਡਿਆ। ਉਹ ਤੀਰ ਸੂਰ ਦੇ ਮਥੇ ਵਿਚ ਵਜਾ। ਜਵਾਨੀ ਦਾ ਵਜਾ ਤੀਰ ਸੂਰ ਦੇ ਮਥੇ ਦੀ ਟਿਕੀ ਨੂੰ ਤੋੜ ਕੇ ਅਗੇ ਲੰਘ ਗਿਆ ਸੂਰ ਭੁਆਟਣੀ ਖਾ ਕੇ ਡਿਗ ਪਿਆ। ਦੀਪੋ ਉਸ ਦੇ ਕੋਲ ਚਲੀ ਗਈ, ਘੋੜੀ ਉਤੋਂ ਉਤਰੀ। ਦੋਵੇਂ ਤੀਰ ਸੂਰ ਦੇ ਸਰੀਰ ਵਿਚੋਂ ਪੁਟ। ਦੋ ਕੁ ਵਾਰ ਤੜਪ ਕੇ ਸੂਰ ਨੇ ਪ੍ਰਾਨ ਛਡ ਦਿਤੇ।

ਸ਼ਿਕਾਰ ਮਾਰ ਤਾਂ ਲਿਆ, ਪਰ ਉਹ ਭਾਰੀ ਬਹੁਤ ਸੀ। ਉਸ ਨੂੰ ਤਿਨ ਚਾਰ ਤਕੜੇ ਜਵਾਨ ਲੱਕੜ ਦੀ ਵਹਿੰਗੀ ਪਾ ਕੇ ਚੁਕ ਸਕਦੇ ਸਨ। ਉਹ ਫਿਰ ਘੋੜੀ ਤੇ ਚੜ੍ਹੀ ਤੇ ਆਪਣੇ ਭਰਾ ਨਿਹਾਲੇ ਕੋਲ ਚਲੀ ਗਈ।

ਨਿਹਾਲਾ ਵੀ ਦੀਪੋ ਵਾਂਗ ਦਲੇਰ ਤੇ ਕ੍ਹਾਨ ਵਾਲਾ ਗਭਰੂ ਨਿਕਲਿਆ ਸੀ। ਭੈਣ ਨੂੰ ਨੇੜੇ ਆਈ ਵੇਖ ਕੇ ਉਹ ਮਹੱਣੇ ਤੋਂ ਉਤਰਿਆ। ਦੀਪੋ ਦੇ ਕੋਲ ਆ ਕੇ ਉਸਨੇ ਪੁਛਿਆ—'ਕੋਈ ਸ਼ਿਕਾਰ ਮਿਲਿਆ ?'

'ਇਕ ਸੂਰ ਮਾਰਿਆ—ਪਰ ਉਹ ਭਾਰੀ ਬਹੁਤ ਏ, ਉਸ ਨੂੰ ਚੁਕ ਕੇ ਪਿੰਡ ਲਿਜਾਇਆ ਜਾਏ।'

'ਸੂਰ ਮਾਰਿਆ!'

ਨਿਹਾਲੇ ਨੇ ਪੁਛਿਆ।

'ਆ ਕਿਉਂ ?'

'ਇਹ ਮਾੜਾ ਕੀਤਾ। ਇਹ ਪਿੰਡ ਨਹੀਂ ਲਿਜਾਇਆ ਜਾ ਸਕਦਾ!'

'ਪਿੰਡ ਦੇ ਜੁਲਾਹੇ ਤੇਲੀ ਪਿਟ ਉਠਣਗੇ। ਮੁਸਲਮਾਨ ਸੂਰ ਨਹੀਂ ਖਾਂਦੇ। ਮੌਲਵੀ ਤਾਂ ਹੁਣੇ ਹੀ ਕਿਸੇ ਹਾਕਮ ਵਲ ਨੱਠ ਉਠੇਗਾ। ਸੂਰ ਨੂੰ ਜੰਗਲ ਵਿਚ ਹੀ ਪਿਆ ਰਹਿਣ ਦੇ। ਕੋਈ ਹੋਰ ਸ਼ਿਕਾਰ ਕਰ ਲੈ।'

'ਸੂਰ ਅਸਾਡੀਆਂ ਫਸਲਾਂ ਉਜਾੜਦਾ ਏ। ਉਸ ਨੂੰ ਮਾਰਨਾ ਠੀਕ ਏ। ਅਸੀਂ ਖਾਂਦੇ ਆਂ—ਅਸਾਡੇ ਖਾਣੇ ਵਿਚ ਕੋਈ ਕਿਉਂ ਦਖਲ ਦੇਵੇ ? ਮੁਸਲਮਾਨ ਗਊ ਕਿਉਂ ਮਾਰ ਕੇ ਖਾਂਦਾ ਏ, ਅਸਾਡੇ ਪਿੰਡ ?

ਦੀਪੋ ਨੇ ਗੁਸੇ ਨਾਲ ਪੁਛ ਕੀਤੀ।

'ਉਨ੍ਹਾਂ ਦਾ ਰਾਜ ਏ। ਬਾਦਸ਼ਾਹ ਵਲੋਂ ਉਨ੍ਹਾਂ ਨੂੰ ਖੁਲ੍ਹਾਂ ਹਨ! ਹਿੰਦੂ ਗੁਲਾਮ ਏ। ਉਹ ਆਪਣੀ ਮਰਜ਼ੀ ਨਹੀਂ ਕਰ ਸਕਦਾ।'

'ਮੈਂ ਤਾਂ ਸੂਰ ਨੂੰ ਪਿੰਡ ਲਿਜਾਵਾਂਗੀ। ਵੇਖਾ ਜਾਏਗਾ ਜੋ ਹੋਏ।'

'ਨਹੀਂ ਦੀਪੋ! ਇਹ ਨਹੀਂ ਕਰਨਾ। ਪਿੰਡ ਦੇ ਹਿੰਦੂ ਹਾਕਮਾਂ ਕੋਲੋਂ ਡਰਦੇ ਹਨ। ਅਗੇ ਦਸਦੇ ਨੇ ਤਾਰਾ ਚੰਦ ਦੇ ਬਾਪ ਨੇ ਸੂਰ ਮਾਰ ਕੇ ਪਿੰਡ ਲਿਆਂਦਾ ਸੀ ਤਾਂ ਹਾਕਮਾਂ ਨੇ ਆ ਕੇ ਉਸ ਦਾ ਘਰ ਸਾੜ ਦਿਤਾ ਸੀ। ਜਿੱਦ ਛਡ ਦੇ। ਉਤਰ ਘੋੜੀ ਤੋਂ ਆ ਮਹੱਣੇ ਉਤੇ ਬੈਠੀਏ। ਮੈਂ ਛਲੀਆਂ ਭੁੰਨ ਕੇ ਰਖੀਆਂ ਹਨ।

ਦੀਪੋ ਕੁੜੀਂ ਪੈ ਗਈ। ਸ਼ਿਕਾਰ ਨੂੰ ਮਾਰ ਕੇ ਨਾ ਚੁਕਣਾ ਇਹ ਇਕ ਭਾਰੀ ਨਿਰਾਦਰੀ ਸੀ ਸ਼ਿਕਾਰੀ ਦੀ। ਉਸ ਨੇ ਆਪਣੇ ਭਰਾ ਨੂੰ ਕਿਹਾ–'ਚਲੋ ਪਿੰਡ ਨਹੀਂ ਖੜਦੇ। ਏਥੇ ਆਪਣੇ ਖੇਤ ਵਿਚ ਲੈ ਆਈਏ ਤੇ ਲਕੜਾਂ ਰੱਖ ਕੇ ਭੁੰਨ ਸੁਟੀਏ। ਭੁਜਾ ਹੋਇਆ ਮਾਸ ਆਪੇ ਏਥੋਂ ਖਾਣ ਵਾਲੇ ਲੈ ਜਾਣਗੇ। ਕੁਝ ਲੂਣ ਲਾ ਕੇ ਖਾ ਲਵਾਂਗੇ।'

'ਇਸੇ ਤਰ੍ਹਾਂ ਕਰ ਲੈ।'

'ਚਲ ਫਿਰ ਲਿਆਈਏ।'

'ਕਿਵੇਂ ?'

'ਚੁਕ ਕੇ।'

'ਜ਼ਰੂਰ !'

ਦੀਪੋ ਘੋੜੀ ਤੋਂ ਉਤਰ ਬੈਠੀ। ਉਹਨੇ ਘੋੜੀ ਟਾਹਲੀ ਨਾਲ ਬੰਨੀ। ਕਾਠੀ ਨਾਲੋਂ ਵਾਧੂ ਰਸਾ ਖੋਲਿਆ ਤੇ ਇਕ ਲਕੜ ਲੈ ਕੇ ਦੋਵੇਂ ਭੈਣ ਭਰਾ ਜੰਗਲ ਨੂੰ ਚਲੇ ਗਏ। ਉਸ ਥਾਂ ਪੁਜੇ ਜਿਥੇ ਸੂਰ ਸੀ। ਪਰ ਵੇਖਦੇ ਕੀ ਹਨ ਕਿ ਉਸ ਸੂਰ ਦੇ ਦੁਆਲੇ ਦੋ ਸ਼ੇਰ ਹਨ। ਦਵੇਂ ਉਸਦਾ ਮਾਸ ਪਾੜ ਪਾੜ ਕੇ ਖਾ ਰਹੇ ਹਨ। ਪਹਿਲਾਂ ਸ਼ੇਰਾਂ ਨੂੰ ਨਿਹਾਲੇ ਨੇ ਦਖਿਆ।

'ਰੁਕ ਜਾ ਦੀਪੋ !

ਉਸ ਨੇ ਦੀਪੋ ਦੀ ਬਾਂਹ ਫੜ ਲਈ।

'ਕਿਉਂ ?'

'ਸ਼ਰ

ਕਿਥੇ ?'

'ਔਹ ਦਖ ਸਾਹਮਣੇ ਸ਼ਾਇਦ ਤੇਰੇ ਸ਼ਿਕਾਰ ਨੂੰ ਹੀ ਖਾ ਰਹੇ ਹਨ।

ਦੀਪੋ ਨੇ ਉਧਰ ਧਿਆਨ ਕੀਤਾ, ਜਿਧਰ ਉਸਦੇ ਭਰਾ ਨੇ ਇਸ਼ਾਰਾ ਕੀਤਾ ਸੀ। ਉਸਦੇ ਪੈਰ ਥੰਮ ਗਏ। ਸੱਚ ਮੁਚ ਸ਼ੇਰ ਇਕ ਦੂਜੇ ਸ਼ੇਰ ਵਲ ਘੂਰਦੇ ਹੋਏ ਸੂਰ ਦੇ ਮਾਸ ਨੂੰ ਖਾ ਰਹੇ ਸਨ

'ਇਹ ਕਿਥੋਂ ਟਪਕ ਪਏ ?

ਦੀਪੋ ਨੇ ਹੈਰਾਨੀ ਨਾਲ ਪੁਛਿਆ।

"ਝੁਲੀਆਂ ਜੂਹਾਂ ਤੇ ਸੰਘਣੀਆਂ ਰੱਖਾਂ ਸ਼ੇਰ ਦੇ ਘਰ ਹੁੰਦੀਆਂ ਹਨ।"

ਨਿਹਾਲੇ ਦਾ ਉਤਰ ਸੀ, 'ਚਲ ਚਲੀਏ ! ਭੁਖੇ ਸ਼ੇਰ ਨੂੰ ਛੇੜਨਾ ਜਾਂ ਉਸਦੇ ਸਾਹਮਣੇ ਹੋਣਾ ਠੀਕ ਨਹੀਂ।'

'ਚਲੋ ਸ਼ੇਰਾਂ ਦੀ ਖੁਰਾਕ ਸ਼ੇਰ ਹੀ ਖਾ ਰਹੇ ਹਨ। ਚਿੰਤਾ ਕੀ, ਹੋਰ ਵੀ ਹਰਨ ਮਾਰ ਲਵਾਂਗੇ।'

ਇਹ ਆਖਕੇ ਦੋਵੇਂ ਭੈਣ ਭਰਾ ਪਿਛੇ ਮੁੜ ਪਏ।

ਦੋਵੇਂ ਰੱਖ ਵਿਚੋਂ ਨਿਕਲ ਕੇ ਅਜੇ ਪਹਿਲੇ ਖੇਤ ਵਿਚ ਹੀ ਸਨ ਕਿ ਇਕ ਘੋੜ ਸਵਾਰ ਮੁਗਲ ਆਉਂਦਾ ਉਨ੍ਹਾਂ ਨੂੰ ਦਿਖਾਈ ਦਿਤਾ। ਉਹਇਕੱਲ ਹੀ ਆ ਰਿਹਾ ਸੀ,ਉਸ ਵੇਲੇ ਲੋਕ ਹਾਕਮਾਂ ਕੋਲੋਂ ਬਹੁਤ ਡਰਦੇ ਸਨ। ਉਹ ਉਸਦੇ ਰਾਹ ਤੋਂ ਅਗੇ ਹੋ ਗਏ। ਆਪਣੇ ਧਿਆਨ ਤੁਰੇ ਗਏ ਕਿ ਹਾਕਮ ਨਾਲ ਮੱਥਾ ਨਾ ਲਗੇ।

ਹਾਕਮ ਉਨ੍ਹਾਂ ਨੂੰ ਵੇਖਕੇ ਉਨ੍ਹਾਂ ਦੇ ਕੋਲ ਆ ਗਿਆ। ਉਸਨੇ ਕਿਸੇ ਪਿੰਡ ਦਾ ਰਾਹ ਪੁਛਨਾ ਸੀ। ਉਹ ਰਾਹੋਂ ਤੇ ਸਾਥੋਂ ਘੁਸਾ ਸੀ।

'ਏ ਜਵਾਨ !' ਘੋੜ-ਸਵਾਰ ਨੇ ਆਵਾਜ਼ ਦਿਤੀ।

ਨਿਹਾਲਾ ਅੱਗੇ ਹੋਇਆ। ਦੀਪੋ ਨੇ ਪੂਰੇ ਧਿਆਨ ਨਾਲ ਘੋੜਸਵਾਰ ਵਲ ਵੇਖਿਆ।

'ਰਾਮ ਪੁਰ ਕਿਥੇ ਐ ?'

'ਕਿਹੜਾ ਰਾਮ ਪੁਰ ?'

'ਸ਼ਰੀਂਹ ਵਾਲਾ।'

'ਇਸ ਜੂਹ ਦੇ ਅਗਲੇ ਸਿਰੇ। ਏਥੋਂ ਕੋਈ ਕੋਹ ਕੁ ਵਾਟ ਤੇ ਨੇੜੇ ਹੀ।'

ਘੋੜ ਸਵਾਰ ਨੇ ਦੋਹਾਂ ਭੈਣ ਭਰਾਵਾਂ ਵਲ ਗੋਹ ਨਾਲ ਦੇਖਿਆ ਉਸ

ਨੂੰ ਭਰੋਸਾ ਹੋ ਗਿਆ ਕਿ ਦੋਵੇਂ ਹਿੰਦੂ ਹਨ।

'ਇਹ ਤੇਰੇ ਨਾਲ ਕੌਣ ਏ?'

ਘੋੜ ਸਵਾਰ ਨੇ ਦੀਪੋ ਵਲ ਇਸ਼ਾਰਾ ਕਰਕੇ ਆਖਿਆ।

'ਮੇਰੀ ਭੈਣ!'

'ਬੜੇ ਹਥਿਆਰ ਪਹਿਨੇ ਨੂ—ਕੀ ਲੜਾਈ ਨੂੰ ਚਲੀ ਏ?'

ਇਸ ਬੋਲ ਦੇ ਨਾਲ ਹੀ ਘੋੜ ਸਵਾਰ ਦੀਆਂ ਅੱਖਾਂ ਵਿਚ ਸ਼ਰਾਰਤ ਨੱਚੀ।

ਦੀਪੋ ਨੇ ਕਮਾਨ ਦਾ ਚਿੱਲਾ ਚੜ੍ਹਾ ਲਿਆ।

'ਜਿੰਨੀ ਸੁੰਦਰ ਐ, ਉਨੀ ਦਲੇਰ ਵੀ!'

ਘੋੜ ਸਵਾਰ ਦਾ ਦੂਜਾ ਬੋਲ ਸੀ।

ਦੀਪੋ ਦੇ ਦੂਸਰੇ ਹੱਥ ਵਿਚ ਤੀਰ ਸੀ ਤੇ ਉਸਦੀ ਪਿੱਠ ਕਮਾਨ ਦੀ ਤੰਦੀ ਤੇ ਸੀ।

'ਲੋਹੇ ਦੇ ਤੀਰ ਦੀ ਕੀ ਲੋੜ ਜੇ ਕੋਈ ਅੱਖਾਂ ਦੇ ਤੀਰ ਨਾਲ ਹੀ ਘਾਇਲ ਹੋ ਜਾਏ ਤਾਂ।'

ਧਰਤੀ ਦੇ ਅਣਖੀਲੇ ਸਮਝਦਾਰ ਬੱਚਿਆਂ ਵਾਸਤੇ ਇਹ ਕੁਬੋਲ ਸਹਿਣ ਅਸੰਭਵ ਸਨ। ਦੀਪੋ ਨੇ ਲਲਕਾਰ ਕੇ ਕਿਹਾ—'ਸੂਰ ਦੇ ਪੁਤਰ! ਜੇ ਜਾਨ ਤੇਰੀ ਆਪਣੀ ਐ ਤਾਂ ਜਿਧਰ ਜਾਣਾ ਈ ਚਲਿਆ ਜਾ। ਵਧ ਘਟ ਬੋਲ ਜੇ ਹੋਰ ਮੂੰਹੋਂ ਕਢਿਆ ਤਾਂ ਇਹ ਤੀਰ ਤੇਰੀ ਛਾਤੀ ਵਿਚ ਹੋਵੇਗਾ।'

'ਤਲਵਾਰ ਮੈਨੂੰ ਫੜਾਈਂ ਉਰੇ।'

ਦੀਪੋ ਦੇ ਭਰਾ ਨਿਹਾਲੇ ਨੇ ਆਖਿਆ। ਉਹ ਵੀ ਗੁਸੇ ਨਾਲ ਕੰਬ ਰਿਹਾ ਸੀ।

ਮੁਗਲ ਕੁਝ ਠਟੰਬਰ ਗਿਆ, ਪਰ ਆਪਣਾ ਰੋਅਬ ਕਾਇਮ ਰੱਖਣ ਵਾਸਤੇ ਬੋਲਿਆ-'ਤੁਸੀਂ ਜਾਣਦੇ ਨਹੀਂ ਮੈਂ ਕੌਣ ਆਂ?'

'ਸਾਨੂੰ ਕੀ ਪਤਾ! ਕੋਈ ਭੁਖਾ ਬਘਿਆੜ ਹੋਵੇਂਗਾ।'

ਦੀਪੋ ਨੇ ਉਤਰ ਦਿਤਾ ਅਤੇ ਨਾਲ ਹੀ ਉਸਨੇ ਕਮਾਨ ਨੂੰ ਠੀਕ ਕਰਕੇ ਕੰਨਾ ਤਕ ਤੰਦੀ ਨੂੰ ਖਿਚਿਆ। ਮੁਗਲ ਸੋਚਦਾ ਹੀ ਸੀ ਕਿ ਕੀ ਚਾਲ ਚਲੇ ਕਿ ਦੀਪੋ ਦਾ ਤੀਰ ਕਮਾਨ ਨੂੰ ਛਡ ਕੇ ਮੁਗਲ ਦੇ ਕੁਲੇ ਵਿਚ ਵਜਾ ਤੇ ਕੁਲਾ ਧਰਤੀ ਤੇ ਆ ਡਿਗਾ। ਉਹ ਘਬਰਾ ਗਿਆ ਉਸਨੇ ਘੋੜੇ ਨੂੰ ਅਡੀ ਲਾਈ ਤੇ ਨਠ ਤੁਰਿਆ। ਪਰ ਸੌ ਕੁ ਗਜ਼ ਦੂਰ ਜਾ ਕੇ ਉਸਨੇ ਘੋੜੇ ਨੂੰ ਰੋਕਿਆ। ਪਤਾ ਨਹੀਂ ਕੀ ਮਨ ਆਇਆ। ਰੋਕ ਕੇ ਫੇਰ ਅਗੇ ਨੂੰ ਚਲਿ-ਆ ਗਿਆ ਤੇ ਮੁੜ ਕੇ ਕਦੇ ਨਾ ਆਇਆ।

ਦੀਪੋ ਆਪਣੇ ਵੀਰ ਦੇ ਨਾਲ ਤਰਕਾਲਾਂ ਨੂੰ ਘਰ ਆ ਗਈ।

੭:

ਦੀਪੋ ਦੀ ਬਹਾਦਰੀ, ਸੁੰਦਰਤਾ ਅਤੇ ਅਕਲ ਦੀ ਬਾਹਰੇ ਵਿਚ ਧੁੰਮ ਪੈ ਗਈ। ਉਸ ਸਮੇਂ ਹਿੰਦੂ ਜਾਂ ਸਿਖ ਲੜਕੀ ਦੀ ਮਸ਼ਹੂਰੀ ਮੁਗਲਾਂ ਨੂੰ ਚਭਦੀ ਸੀ। ਮੁਸਲਮਾਨਾਂ ਦਾ ਰਾਜ ਸੀ। ਉਹ ਸਮਝਦੇ ਸਨ ਕਿ ਹਿੰਦੂ-ਆਂ ਦੀ ਚੰਗੀ ਚੀਜ਼ ਸਭ ਮੁਸਲਮਾਨਾਂ ਵਾਸਤੇ ਸੀ।

ਪਿੰਡ ਦਾ ਚੌਧਰੀ ਹਿੰਦੂ ਸੀ। ਉਹ ਬਹੁਤ ਨੇਕ ਦਿਲ ਬੰਦਾ ਸੀ। ਇਲਾਕੇ ਦੇ ਇਕ ਮੁਗਲ ਹਾਕਮ ਨੇ ਉਸ ਚੌਧਰੀ ਨੂੰ ਦੀਪੋ ਬਾਰੇ ਕੁਝ ਗਲਾਂ ਪੁਛੀਆਂ। ਉਸ ਸਿਆਣੇ ਪੁਰਸ਼ ਨੂੰ ਸ਼ਕ ਪਿਆ ਕਿ ਹਾਕਮ ਦੀ ਨੀਅਤ ਫਿਟੀ ਸੀ। ਉਹ ਜ਼ਰੂਰ ਕੋਈ ਚੰਦਰਾ ਕਾਰਾ ਕਰੇਗਾ। ਚੌਧਰੀ ਨੇ ਉਸੇ ਹੀ ਰਾਤ ਦ ਨੀ ਅਤੇ ਉਸਦੇ ਪਤੀ ਨੂੰ ਸਦਿਆ ਤੇ ਪਰੇਮ ਅਤੇ ਹਮਦਰਦੀ ਦੇ ਲਹਿਜੇ ਨਾਲ ਸਮਝਾਇਆ ਦੀਪੋ ਦੀ ਸ਼ਾਦੀ ਕਰ ਦੇਣੀ ਚਾਹੀਦੀ ਹੈ। ਉਸ ਬਜ਼ੁਰਗ ਦੀ ਗਲ ਦੋਹਾਂ ਜੀਆਂ ਨੇ ਮੰਨ ਲਈ।

'ਜੀ ! ਅਸੀ' ਤਾਂ ਪਹਿਲਾਂ ਹੀ ਚਾਰਾ ਕਰ ਰਹੇ ਆਂ। ਜ਼ਾਲਮ ਤੇ ਬੇਈਮਾਨ ਹਾਕਮਾਂ ਦਾ ਵਤੀਰਾ ਪਰਜਾ ਨਾਲ ਠੀਕ ਨਹੀਂ। ਵੈਸੇ ਤਾਂ ਅਕਾਲ ਪੁਰਖ ਤੇ ਸਤਿਗੁਰੂ ਜੀ ਰਾਖੇ ਹਨ।'

'ਭਾਈ ! ਕੰਨਿਆਂ ਜਦੋਂ ਵਰ ਜੋਗ ਹੋ ਜਾਏ ਤਾਂ ਉਸ ਦੀ ਸ਼ਾਦੀ ਕਰਨੀ ਠੀਕ ਹੈ। ਆਖਰ ਤਾਂ ਬੇਟੀ ਨੂੰ ਵਿਆਹੁਣਾ ਈ ਹੈ। ਘਰ ਤਾਂ ਰਾਜੇ ਰਾਣਿਆਂ ਦੇ ਧੀਆਂ ਨਹੀਂ ਰਹਿੰਦੀਆਂ।'

'ਇਹ ਤਾਂ ਗਲ ਠੀਕ ਐ ਚੌਧਰੀ ਜੀ। ਇਕ ਦੋ ਮੁੰਡੇ ਵੇਖੇ ਹਨ। ਕਿਤੇ ਨਾ ਕਿਤੇ ਸ਼ਗਨ ਤੋਰ ਦਿੰਦੇ ਆਂ। ਵੇਖੋ ਸਤਿਗੁਰੂ ਜੀ ਭਲੀ ਕਰਨਗੇ। ਪਰ ਹੈਰਾਨੀ ਤਾਂ ਇਸ ਗਲ ਦੀ ਐ ਕਿ ਹਾਕਮ ਦੀ ਨੀਤ ਕਿੰਨੀ ਭੈੜੀ ਹੋ ਗਈ ਐ ਕਿ ਪਰਜਾ ਦੀ ਹਰ ਨੂੰਹ ਧੀ ਨੂੰ ਘੂਰ ਕੇ ਵੇਖਦੇ ਹਨ।'

'ਕੁਝ ਨਾ ਪੁਛੋ। ਪਾਪੀ ਪੇਟ ਤੇ ਔਲਾਦ ਦੇ ਕਾਰਨ ਹਨ, ਜਿਨ੍ਹਾਂ ਕਰਕੇ ਮੁਗਲਾਂ ਦੀ ਚੌਧਰ ਕਰਨੀ ਪੈਂਦੀ ਐ। ਵਰਨਾ ਕਦੀ ਨਾ ਕਰੀਏ। ਹਰ ਨਵੇਂ ਸੂਰਜ ਕਿਸੇ ਨਾ ਕਿਸੇ ਦੇ ਖੂਨ ਨਾਲ ਹੱਥ ਰੰਗਣੇ ਪੈਂਦੇ ਹਨ। ਜੇ ਇਨ੍ਹਾਂ ਦੇ ਕੁਕਰਮਾਂ ਵਿਚ ਸਹਾਈ ਨਹੀਂ ਹੁੰਦੇ ਤਾਂ ਉਹ ਚਮੜੀ ਉਧੇੜ ਸੁਟਦੇ ਹਨ-ਭੈੜੇ ਹਾਕਮ ਰਹੀਮ ਨੇ ਦੀਪੋ ਦੀ ਗਲ ਛੇੜੀ ਤਾਂ ਮੇਰੇ ਪੈਰਾਂ ਹੇਠੋਂ ਮਿਟੀ ਨਿਕਲ ਗਈ। ਦੀਪੋ ਤੇਰੀ ਧੀ ਕੀ ਮੇਰੀ ਧੀ ਕੀ। ਉਹ ਦੁਸ਼ਟ ਕਿਤੇ ਦੀਪੋ ਨੂੰ ਜੂਹ ਵਿਚ ਸ਼ਿਕਾਰ ਖੇਡਦਿਆਂ ਹੋਇਆਂ ਵੇਖ ਗਿਆ ਸੀ।'

'ਊਂ।'

'ਬਸ ! ਮੇਰਾ ਤਾਂ ਇਹੋ ਆਖਣਾ ਏ ਕਿ ਕੁੜੀ ਦੇ ਹੱਥ ਪੀਲੇ ਕਰੋ ਤੇ ਸਹੁਰੇ ਘਰ ਭੇਜੋ। ਆਪਣੇ ਘਰ ਜਾ ਕੇ ਵੱਸੇ ਰੱਸੇ।'

ਚੌਧਰੀ ਇਸ ਤਰ੍ਹਾਂ ਨੇਕ ਸਲਾਹ ਦੇ ਕੇ ਚਲਿਆ ਗਿਆ।

ਦੀਪੋ ਦੇ ਸਿਆਣੇ ਬਾਪ ਨੇ ਰਾਤ ਨੂੰ ਸਾਰੀ ਗਲ ਦਾਨੀ ਨਾਲ ਕੀਤੀ। ਦਾਨੀ ਪਹਿਲਾਂ ਹੀ ਧੀ ਦਾ ਵਿਆਹ ਕਰਨ ਦੇ ਹੱਕ ਵਿਚ ਸੀ। ਬੱਸ, ਪੱਕੀ ਸਲਾਹ ਬਣ ਗਈ ਕਿ ਜਿੰਨੀ ਛੇਤੀ ਹੋਏ ਦੀਪੋ ਦੀ ਮੰਗਣੀ ਕਰਕੇ ਵਿਆਹ ਕਰ ਦਿਤਾ ਜਾਏ।

ਉਸ ਵੇਲੇ ਦੇ ਭਾਈਚਾਰੇ ਵਿਚ ਬਹੁਤੇ ਸਿੱਖ ਘਰਾਣੇ ਨਹੀਂ ਸਨ। ਹਰ ਇਕ ਭਾਈਚਾਰੇ ਵਿਚ ਬਹੁ ਗਿਣਤੀ ਮਨਮਤੀਆਂ ਦੀ ਸੀ। ਤਲਵਾਨ

ਪਿੰਡ ਦੇ ਵਿਚ ਖੇਤੀ ਕਰਦੇ ਘਰਾਣੇ ਵਿਚ ਇਕ ਚੰਗਾ ਵਰ ਮਿਲਿਆ। ਭੋਂ ਉਸ ਪਾਸ ਖੁਲੀ ਸੀ। ਇਕੋ ਇਕ ਮਾਪਿਆਂ ਦਾ ਪੁਤਰ ਸੀ। ਉਹ ਵੀ ਸੁੰਦਰ ਜਵਾਨ ਤੇ ਹਿੰਮਤੀ ਗਭਰੂ ਸੀ। ਰਿਸ਼ਤੇਦਾਰੀਆਂ ਦਾ ਜਾਲ ਵਿਛਿਆ ਹੋਣ ਕਰਕੇ ਦੀਪੋ ਦਾ ਵਿਆਹ ਉਸ ਨਾਲ ਕਰ ਦਿਤਾ ਗਿਆ। ਘਾਟ ਇਕੋ ਸੀ ਕਿ ਦੀਪੋ ਦੀ ਸੱਸ ਤੇ ਉਸਦਾ ਸਹੁਰਾ ਸੁਲਤਾਨੀਏ ਤੇ ਗੁਗੇ ਪੁਜਾਰੀ ਸਨ। ਗੁਰੂ ਘਰ ਨਾਲ ਉਨ੍ਹਾਂ ਦਾ ਪਿਆਰ ਨਹੀਂ ਸੀ ਤੇ ਇਸ ਗਲ ਦਾ ਪਤਾ ਦੀਪੋ ਨੂੰ ਤਿੰਨ ਚਾਰ ਦਿਨ ਸਹੁਰੇ ਰਹਿਣ ਨਾਲ ਲਗ ਗਿਆ। ਮਾਂ ਬਾਪ ਦੀ ਆਗਿਆ ਦਾ ਪਾਲਨ ਕਰਨ ਵਾਲੀ ਸਘੜ ਬੀਬੀ ਨੇ ਕੋਈ ਗਿਲਾ ਨਾ ਕੀਤਾ। ਉਸਨੂੰ ਆਸ ਸੀ ਕਿ ਅਨਮਤਾ ਤੇ ਮਨਮਤੀ ਘਰਾਣੇ ਦਾ ਸ਼ਾਇਦ ਉਹ ਸੁਧਾਰ ਕਰ ਸਕੇਗੀ।

ਆਪਣੇ ਨੇਮ ਅਨੁਸਾਰ ਦੀਪੋ ਤੜਕੇ ਉਠਦੀ। ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦੀ। ਸੱਸ ਤੇ ਸਹੁਰ ਦੇ ਚਰਨਾਂ ਉਪਰ ਮੱਥਾ ਟੇਕਣ ਪਿਛੋਂ ਆਪਣੇ ਪਤੀ ਦੇ ਕੋਲ ਜਾਂਦੀ ਤੇ ਜੇ ਉਹ ਜਾਗਿਆ ਨਾ ਹੁੰਦਾ ਤਾਂ ਉਸਨੂੰ ਮਿਠੇ ਬਚਨਾਂ ਨਾਲ ਸਤੇ ਨੂੰ ਜਗਾਉਂਦੀ। ਉਸ ਦਾ ਪਤੀ ਸੁਭਾ ਦਾ ਨਿੱਘਾ ਸੀ। ਚੰਗਾ ਘੋੜ ਸਵਾਰ ਤੇ ਦਲੇਰ ਸੀ। ਇਸ ਨਾਲੋਂ ਦੀਪੋ ਖੁਸ਼ ਸੀ ਕਿ ਭਾਵੇਂ ਉਸਦਾ ਪਤੀ ਅਨਮਤੀ ਤੇ ਮਨਮਤੀ ਸੀ, ਫਿਰ ਵੀ ਡਰਾਕਲ ਤੇ ਬੁਜ਼ਦਿਲ ਤਾਂ ਨਹੀਂ ਸੀ। ਦੁਪਹਿਰ ਨੂੰ ਉਸਨੇ ਚੰਡੀ ਦਾ ਪਾਠ ਕਰਨਾ। ਉਸਦੀ ਸੱਸ ਨੇ ਲਾਗੇ ਨਾ ਬੈਠਣਾ। ਜੇ ਕਦੀ ਦੀਪੋ ਨੇ ਗੁਰੂ ਘਰ ਦੀ ਕੋਈ ਸਾਖੀ ਸ਼ੁਰੂ ਕਰਨੀ ਤਾਂ ਉਸ ਦੀ ਸੱਸ ਨੇ ਕੋਈ ਨਾ ਕੋਈ ਬਹਾਨਾ ਲਾ ਕੇ ਕੋਲੋਂ ਉਠ ਜਾਣਾ, ਜਾਂ ਹੋਰ ਗਲਾਂ ਸ਼ੁਰੂ ਕਰ ਦੇਣੀਆਂ ਉਹ ਆਪਣੀ ਮਨ ਮਰਜ਼ੀ ਤੇ ਤੁਰਦੀ ਸੀ।

ਦੋ ਮਹੀਨੇ ਲੰਘ ਗਏ। ਨੱਵੇਂ ਵਿਆਹ ਦਾ ਵਖੇੜਾ ਮੱਠਾ ਪੈ ਗਿਆ। ਦੀਪੋ ਸਹੁਰੇ ਘਰ ਦੇ ਕੰਮਾ ਵਿਚ ਹਿਸਾ ਲੈਣ ਲਗੀ। ਕੰਮ ਕਰਨ ਨੂੰ ਸਜੀ ਸੀ। ਚਲੇ ਦੇ ਕੰਮਾ ਤੋਂ ਲੈ ਕ ਖੇਤਾ ਦ ਕੰਮ ਤਕ ਉਹ ਪਤੀ ਦੇ ਕੰਮਾਂ ਵਿਚ ਹੱਥ ਵਟਾ ਸਕਦੀ ਸੀ। ਇਸ ਤਰ੍ਹਾਂ ਘਰ ਦੇ ਕੰਮ

ਕਰਦੀ ਰਹੀ। ਰੋਟੀ ਪਕਾਉਣੀ ਸ਼ੁਰੂ ਕੀਤੀ। ਚੱਕੀ ਪੀਸਣ ਲਗੀ। ਗੁਰਬਾਣੀ ਦਾ ਪਾਠ ਕਰਦੀ ਤੇ ਸਤਿਗੁਰੂ ਜੀ ਦੇ ਚਰਨ ਕਮਲਾਂ ਨਾਲ ਲਿਵ ਜੋੜੀ ਉਹ ਹਥਾਂ ਨਾਲ ਕੰਮ ਕਰੀ ਜਾਂਦੀ। ਉਸਨੇ ਆਪਣੀ ਸੱਸ ਨੂੰ ਆਖਿਆ—'ਮਾਂ ਜੀ! ਤੁਸੀਂ ਬਾਹਰ ਦੇ ਕੰਮ ਕਰਿਆ ਕਰੋ। ਘਰ ਦੇ ਕੰਮ ਮੈਂ ਕਰ ਲਿਆ ਕਰਾਂਗੀ। ਉਸਦੀ ਸੱਸ ਇਹ ਸੁਣਕੇ ਬਹੁਤ ਖ਼ੁਸ਼ ਹੋਈ।

ਦੀਪੋ ਦੀ ਸੁੰਦਰਤਾ, ਜਵਾਨੀ, ਮਿੱਠੇ ਸੁਭਾ ਸੁਚੱਜੇ ਹਥ ਅਤੇ ਤਕੜੇ ਦਿਲ ਦੀ ਸਾਰੇ ਪਿੰਡ ਵਿਚ ਚਰਚਾ ਹੋਣ ਲਗੀ। ਇਹ ਵੀ ਲੋਕਾਂ ਨੂੰ ਪਤਾ ਲਗ ਗਿਆ ਕਿ ਉਹ ਸ੍ਰੀ ਅਨੰਦਪੁਰ ਵਾਲੇ ਸਤਿਗੁਰੂ ਦੀ ਚੇਲੀ ਸੀ, ਹੋਰ ਉਹ ਕਿਸੇ ਦੀ ਪੂਜਾ ਨਾ ਕਰਦੀ ਸੀ। ਬਹੁਤ ਸਾਰੀਆਂ ਜ਼ਨਾਨੀਆਂ ਉਸਨੂੰ ਵੇਖਣ ਵਾਸਤੇ ਆਉਂਦੀਆਂ ਜਾਂਦੀਆਂ ਰਹਿੰਦੀਆਂ ਅੱਠ ਸਤ ਤਾਂ ਉਸ ਦੀਆਂ ਸਤਸੰਗਣਾਂ ਬਣ ਗਈਆਂ। ਆਪਣੀ ਨੂੰਹ ਦਾ ਜਸ ਸੁਣ ਕੇ ਦੀਪੋ ਦਾ ਸੌਹਰਾ ਤੇ ਸੱਸ ਫੁਲੇ ਨਹੀਂ ਸਨ ਸਮਾਉਂਦੇ। ਉਨ੍ਹਾਂ ਦੇ ਪੈਰ ਧਰਤੀ ਨਾਲ ਨਹੀਂ ਸਨ ਲਗਦੇ। ਇਸ ਤਰ੍ਹਾਂ ਸਾਲ ਲੰਘ ਗਿਆ। ਦੂਜਾ ਚੜ੍ਹ ਪਿਆ।

ਦੂਸਰੇ ਸਾਲ ਦੀਪੋ ਹੋਰ ਜਵਾਨ ਹੋ ਗਈ ਉਸ ਦੀ ਉਮਰ ਅਠਾਰਾਂ ਸਾਲ ਪੂਰੀ ਹੋਈ ਤੇ ਉਨੀਆਂ ਸਾਲ ਚੜ੍ਹ ਪਿਆ। ਉਸਦੀ ਜਵਾਨੀ ਤੇ ਸੁੰਦਰਤਾ ਹੋਰ ਨਿਖਰੀ। ਉਸਦਾ ਪਤੀ ਦੇਵ ਖੁਸ਼ ਰਹਿਣ ਲਗਾ। ਉਹ ਖੇਤਾਂ ਵਿਚ ਰੋਟੀ ਆਪ ਲੈ ਕੇ ਜਾਣ ਲਗੀ।

ਹਰ ਯੁਗ ਤੇ ਹਰ ਦੇਸ਼ ਵਿਚ ਇਸਤ੍ਰੀ ਦੀ ਸੁਤੰਤ੍ਰਤਾ ਤੇ ਖੁਲ੍ਹ ਦਿਲੀ ਤੋਂ ਨਾਜਾਇਜ਼ ਲਾਭ ਉਠਾਉਣ ਵਾਲੇ ਮੂਰਖ ਪੁਰਸ਼ ਕਾਇਮ ਰਹੇ ਇਸਤ੍ਰੀ ਦੇ ਧਰਮ ਨੂੰ ਲੁਟਣਾ, ਉਸਨੂੰ ਆਪਣਾ ਗੁਲਾਮ ਬਣਾ ਕੇ ਉਸਤੇ ਜ਼ੁਲਮ ਕਰਦੇ ਇਕ ਖਿਡੌਣਾ ਸਮਝ ਕੇ ਦੂਰਾ ਲੈਣਾ ਜਾਂ ਵੇਚ ਦੇਣਾ ਆਦਿਕ ਕੁਕਰਮ ਕਰਦੇ ਰਹੇ ਹਨ। ਕੋਈ ਸਮਾਜ ਤੇ ਕੋਈ ਦੇਸ਼ ਇਸ ਦੋਸ਼ ਤੋਂ ਬਰੀ ਨਹੀਂ। ਤਲਬਨ ਵਿਚ ਵੀ ਵਿਗੜੇ ਹੋਏ ਮੁੰਡੇ ਸਨ। ਇਕ ਤਾਂ ਬਹੁਤ ਹੀ ਵਿਗੜਿਆ

ਹੋਇਆ ਸੀ। ਪਿੰਡ ਦੇ ਭਲੇਮਾਨਸ, ਉਸ ਕੋਲੋਂ ਡਰਦੇ ਸਨ ਅਤੇ ਪਿੰਡ ਦੀਆਂ ਨੂੰਹਾਂ ਧੀਆਂ ਵਾਸਤੇ ਤਾਂ ਉਹ ਭੂਤਨਾ ਸੀ। ਦੀਪੋ ਦੀ ਸ਼ੋਭਾ ਸੁਣ ਕੇ ਉਸਦੇ ਮੂੰਹੋਂ ਲਾਲਾਂ ਵਗ ਤੁਰੀਆਂ। ਉਹ ਇਧਰ ਉਧਰ ਘੁਮ ਕੇ ਤੇ ਆਨੇ ਬਹਾਨੇ ਦੀਪੋ ਘਰ ਜਾ ਕੇ ਉਸਨੂੰ ਦੇਖਣ ਦਾ ਯਤਨ ਕਰਨ ਲਗਾ।

ਅਸੂ ਦੇ ਦਿਨ ਸਨ। ਕਣਕ ਦੀ ਬਿਆਈ ਹੋ ਰਹੀ ਸੀ ਦੀਪੋ ਦੀ ਸੱਸ ਆਪਣੇ ਲੜਕੇ ਤੇ ਪਤੀ ਨਾਲ ਤੜਕੇ ਦੀ ਕੇਰਾ ਕੇਰਨ ਗਈ ਸੀ। ਦੀਪੋ ਨੇ ਸ਼ਾਹ ਵੇਲੇ ਦੀਆਂ ਰੋਟੀਆਂ ਲੈ ਕੇ ਜਾਣਾ ਸੀ। ਉਹ ਤੜਕੇ ਉਠੀ ਤੇ ਘਰ ਦੇ ਕੰਮ ਕਾਜ ਸਮੇਟ ਕੇ ਉਸਨੇ ਚੁਲੇ ਅੱਗ ਬਾਲੀ। ਚੋਖਾ ਘਿਉ ਲਾ ਕੇ ਕਈਆਂ ਪੜਦਿਆਂ ਵਾਲ ਪਰੌਂਠ ਪਕਾਏ। ਲੱਸੀ ਦਾ ਗੜਵਾ ਚੁਕ ਕੇ ਉਹ ਸ਼ਾਹ ਵੇਲਾ ਲੈ ਤੁਰੀ। ਸਬੱਬ ਨਾਲ ਹੋਰ ਕੋਈ ਕੁੜੀ ਉਸਦੇ ਨਾਲ ਨਾ ਰਲ ਸਕੀ। ਸ਼ਾਇਦ ਇਸ ਕਰਕੇ ਕਿ ਉਹ ਹੋਰਨਾਂ ਨਾਲੋਂ ਪਹਿਲਾਂ ਖੇਤਾਂ ਰਲ ਜਾ ਰਹੀ ਸੀ। ਉਸਦਾ ਹਿਰਦਾ ਉਸ ਨੂੰ ਕਾਹਲ ਪਾਉਂਦਾ ਸੀ ਕਿ ਜਿਹੜੇ ਅੱਧੀ ਰਾਤ ਤੋਂ ਹਲ ਲੈਕੇ ਗਏ ਹਨ, ਉਹਨਾਂ ਨੂੰ ਭੁਖ ਲਗੀ ਹੋਵੇਗੀ।

ਰਾਹ ਵਿਚ ਉਸਨੂੰ ਵਿਗੜਿਆ ਮੁੰਡਾ ਜੱਸੂ ਮਿਲਿਆ। ਪਹਿਲਾਂ ਤਾਂ ਉਹ ਲੰਘ ਗਿਆ ਤੇ ਰਤਾ ਪਰੇ ਹੋ ਕੇ ਗਾਉਣ ਲਗ ਪਿਆ;—

'ਉਤੇ ਤੋਰੀਆ ਟਾਹੇ ਦੀ ਛਿਲ ਵਰਗਾ, ਰੋਟੀ ਲੈ ਕੇ ਯਾਰ ਦੀ ਚਲੀ।'

ਦੀਪੋ ਨੇ ਉਸ ਵਲ ਘੂਰ ਕੇ ਤਕਿਆ। ਚੁਪ ਚਾਪ ਆਪਣੇ ਰਾਹੇ ਤੁਰੀ ਗਈ।

ਜੱਸੂ ਫਿਰ ਦੂਰੋਂ ਨੇੜੇ ਆ ਗਿਆ। ਉਹ ਦੀਪੋ ਦੇ ਨਾਲ ਤੁਰਨ ਲਗਾ ਤੇ ਗੱਖਾਂ ਪਾੜ ਪਾੜ ਕੇ ਉਸਦੇ ਵਲ ਤਕਣ ਲਗਾ। ਉਹ ਹੈਰਾਨ ਸੀ, ਦੀਪੋ ਨੇ ਘੁੰਡ ਨਾ ਕਢਿਆ ਲਾਜਵੰਤੀ ਵਾਂਗ ਘਬਰਾ ਕੇ ਇਕੱਠੀ ਨਾ ਹੋਈ। ਉਹ ਤਾਂ ਸਗੋਂ ਅਡੋਲ ਤੁਰੀ ਗਈ।

ਜੱਸੂ ਨੇ ਰਤਾ ਕੁ ਝੰਘ ਕੇ ਆਖਿਆ...'ਮੈਂ ਆਖਿਆ...।'

ਉਹ ਪੂਰੀ ਗਲ ਨਾ ਕਰ ਸਕਿਆ।

ਦੀਪੋ ਚੁਪ ਰਹੀ।

'...ਮੈਂ ਆਖਿਆ ਅਸੀਂ ਵੀ ਪਿੰਡ ਵਸਦ ਹਾਂ।'

ਦੀਪੋ ਨੇ ਉਸ ਵਲ ਨਾ ਵਾਕਿਆ। ਉਹ ਮਸ਼ੇ ਮਜ਼ੇ ਆਪਣੀ ਚਾਲੇ ਤੁਰੀ ਗਈ।

'ਸੋਗੋ ਨਾ ਰਤਾ ਕੁ ਜ਼ਬਾਨ ਤਾਂ ਖੋਲੋ।'

ਉਹ ਫਿਰ ਵੀ ਚੁਪ ਰਹੀ।

'ਹਾਇ! ਮੈਂ ਮਰ ਜਾਵਾਂ ਜਲੇਬੀ ਖਾ ਕੇ, ਸੋਹਣੇ ਬੋਲਦੇ ਨਹੀਂ— ਨਿਗਾਹ ਭਰਕ ਤਕਦੇ ਵੀ ਨਹੀਂ।

ਦੀਪੋ ਨੇ ਦੂਰ ਤਕ ਨਿਗਾਹ ਮਾਰੀ। ਅੱਗੇ ਹਲ਼ ਵਗਦੇ ਦਿਸੇ ਪਾਸੇ ਵੇਖਿਆਂ ਤਾਂ ਇਕ ਪਾਸੇ ਚਰ ਸਨ ਤੇ ਦੂਸਰੇ ਪਾਸੇਂ ਵੀ ਦੂਸਰੇ ਕਿਸੇ ਦੇ ਹਲ ਵਗ ਰਹੇ ਸਨ। ਜੱਸੂ ਵਲ ਅਣਦੇਖੇ ਹੀ ਉਸਨੂੰ ਪੁਛਿਆ—'ਤੇਰਾ ਨਾਂ ਕੀ ਐ?'

'ਕੀ ਅਜੇ ਤਕ ਤੁਸਾਂ ਮੇਰਾ ਨਾਂ ਨਹੀਂ ਸੁਣਿਆ ਮੇਰਾ ਨਾਂ ਤਾਂ ਸਾਰਾ ਪਿੰਡ ਚੰਗੀ ਤਰ੍ਹਾਂ ਜਾਣਦਾ ਏ, ਉਹ ਕੇਹੜੀ ਕੁੜੀ ਏ, ਜੋ ਮੈਨੂੰ ਨਾ ਜਾਣੇ। ਅਸਾਂ ਤਾਂ ਮਾਲ ਖਟਾਉਣ ਵਾਲੇ ਬੰਦੇ ਆਂ।'

'ਮੈਂ ਨਾਂ ਨਹੀਂ ਸੁਣਿਆ'

'ਜੱਸੂ ਹੈ।'

'ਕਿਸਦਾ ਪੁਤਰ ਏਂ।'

'ਚੌਧਰੀ ਧੀਰੂ ਮਲ ਦਾ।'

'ਇਸੇ ਪਿੰਡ ਦਾ ਰਹਿਣ ਵਾਲਾ?'

'ਜੀ...।'

'ਤੂੰ ਮੈਨੂੰ ਕੀ ਆਖਣਾ ਚਾਹੁੰਦਾ ਏਂ?'

ਦੀਪੋ ਉਸ ਨੂੰ ਗਲੀਂ ਲਾਈ ਤੁਰੀ ਆਈ। ਉਹ ਗਲਾਂ ਹੌਲੀ

ਕਰਨ ਲਗੀ ਤੇ ਕਦਮ ਕਾਹਲੀ ਪੁਟਣ ਲਗੀ। ਅਗਲੇ ਹਲ ਵਗਦੇ ਨੇੜੇ ਆਉਣ ਲਗ। ਉਹ ਸਿਆਣਪ ਨਾਲ ਵਿਗੜੇ ਜੱਸੂ ਨੂੰ ਸਬਕ ਦੇਣਾ ਚਾਹੁੰਦੀ ਸੀ।

'ਮੈਂ...ਮੈਂ ਕੀ ਆਖਣਾ...।'

ਉਹ ਖੁਸ਼ ਹੋ ਗਿਆ। ਜਿਵੇਂ ਛੋਲਿਆਂ ਦੇ ਦਾਣੇ ਦੇਖ ਕੇ ਬਾਂਦਰ ਖੁਸ਼ ਹੋਇਆ ਅੱਖਾਂ ਮਟਕਾਉਂਦਾ ਤੇ ਦੰਦੀਆਂ ਦਿਖਾਉਂਦਾ ਹੈ।

'ਮੈਂ ਆਖਣਾ ਏ ਕਿ......।'

'ਕੀ?'

—'ਮੇਰਾ ਖਿਆਲ ਰਖੋ।'

'ਖਿਆਲ!'

'ਹਾਂ।'

'ਹਰ ਭੈਣ ਆਪਣੇ ਭਰਾ ਦਾ ਖਿਆਲ ਤਾਂ ਰਖਦੀ ਏ-ਇਸ ਉਚੇਚਾ ਆਖਣ ਦੀ ਕੀ ਗਲ?'

'ਭੈਣ' ਸ਼ਬਦ ਸੁਣ ਕੇ ਜੱਸੂ ਦਾ ਲਹੂ ਠੰਡਾ ਹੋ ਗਿਆ। ਉਸ ਦੇ ਪਾਪੀ ਮਨ ਨੂੰ ਰਤਾ ਧੱਕਾ ਵਜਾ ਪਰ ਉਹ ਢੀਠ ਬਹੁਤ ਸੀ। ਢੀਠਪੁਣੇ ਦੇ ਤਾਣ ਬੋਲਿਆ-ਭੈਣ ਕਿਵੇਂ? ਤੁਸਾਂ ਤਾਂ ਮੇਰੀ ਭਾਬੀ ਲਗਦੇ ਹੋ। ਤੇਜੂ ਮੇਰਾ ਵੱਡਾ ਭਰਾ ਲਗਦਾ ਏ।

'ਤੇਰਾ ਉਹ ਭਰਾ ਕਦੀ ਨਹੀਂ ਲਗ ਸਕਦਾ।'

'ਹੋਰ ਫਿਰ ਕੌਣ?'

'ਤੂੰ ਆਪੇ ਹੀ ਸੋਚ ਲੈ।'

ਅਗਲੇ ਹਲ ਵਗਣੇ ਸਿਰਫ ਤਿੰਨ ਪੈਲੀਆਂ ਰਹਿ ਗਏ। ਦੀਪੋ ਨੇ ਹੁਣ ਉਸਨੂੰ ਸਬਕ ਦੇਣ ਦੀ ਨੀਤ ਧਾਰ ਲਈ। ਉਹ ਮੂਰਖ 'ਭੈਣ' ਸ਼ਬਦ ਸੁਣ ਕੇ ਵੀ ਨਾ ਗੌਲਿਆ-'ਤੇਰਾ ਭਣੇਵਾਂ ਅਗ ਹਲ ਵਾਹੁੰਦਾ ਏ। ਉਸਨੂੰ ਪੁਛ ਲਈਂ ਸਾਂਗਾ, ਮੈਂ ਤੇਰਾ ਕੀ ਲਗਦਾ ਹਾਂ।'

'ਕੌਣ?'

'ਚੌਧਰੀ ਤੇਜਾ ਰਾਮ—ਮੇਰਾ ਪਤੀ ਤੇ ਤੇਰਾ ਭਣਵਈਆ ਸੁਣਿਆ।

ਦੀਪੋ ਨੇ ਅੱਖਾਂ ਲਾਲ ਕਰਕੇ ਉਸ ਵਲ ਘੂਰ ਕੇ ਵੇਖਿਆ।

ਜੱਸੂ ਦਾ ਮੂੰਹ ਅੱਡਿਆ ਰਹਿ ਗਿਆ। ਹੋਰ ਕੁੜੀਆਂ ਨਾਲੋਂ ਉਲਟ ਦੀਪੋ ਨੇ ਉਤਰ ਦਿਤਾ। 'ਜੇ ਜਾਨ ਲੋੜੀ ਦੀ ਏ ਤਾਂ ਆਪਣੇ ਰਾਹ ਪਉ ਨਹੀਂ ਤੇ ਹੱਡੀ ਪਸਲੀ ਇਕ ਨਹੀਂ ਛਡਾਂਗੀ। ਕੁਤਿਆ ਤੂੰ ਮੈਨੂੰ ਸਮਝਿਆ ਕੀ ਏ?'

'ਅੱਛਾ! ਐਨਾ ਹੌਸਲਾ ਮੈਨੂੰ ਗਾਲ੍ਹਾਂ-ਮੈਨੂੰ ਤੂੰ ਜਾਣਦੀ ਨਹੀਂ। ਮੈਂ ਤਾਂ......।'

ਦੀਪੋ ਨੇ ਉਸਦਾ ਮੂੰਹ ਬੰਦ ਕਰਨ ਲਈ ਆਖਿਆ।

'ਬਹੁਤੀ ਬਕ ਬਕ ਨਾ ਕਰੀਂ। ਮੂੰਹ ਨੂੰ ਲਗਾਮ ਲਾ। ਜੇ ਚੰਦਰੀ ਜ਼ਬਾਨ ਹਿਲਾਈ ਤਾਂ ਜ਼ਬਾਨ ਖਿਚ ਲਵਾਂਗੀ।'

ਇਹ ਆਖਕੇ ਦੀਪੋ ਨੇ ਸਿਰ ਤੋਂ ਕੁਜਾ ਲਾਹ ਕੇ ਵਾਹਣ ਵਿਚ ਰਖ ਦਿਤਾ। ਉਸਦੇ ਉਪਰ ਰੋਟੀਆਂ ਰਖ ਕੇ ਸ਼ੇਰਨੀ ਦਾ ਰੂਪ ਧਾਰ ਖਲੋਤੀ ਜਸੂ ਔਕੜ ਵਿਚ ਫਸ ਗਿਆ। ਜੇ ਨਸੇ ਤਾਂ ਹਿੰਮਤ ਕੀ ਇਕ ਜ਼ਨਾਨੀ ਕੋਲੋਂ ਹਾਰ ਖਾ ਗਿਆ ਤੇ ਜੇ ਲੜੇ ਤਾਂ ਮਾਮਲਾ ਵਧਣ ਦਾ ਡਰ। ਮੂਰਖ ਖਲੋਤਾ ਰਿਹਾ। ਗਲ ਉਸਨੂੰ ਜਚਦੀ ਨਾ ਔੜੀ। ਉਸਨੇ ਢੀਠ-ਪਣੇ ਨਾਲ ਆਖਿਆ—'ਅੱਛਾ ਜੀ ਲੜਨ ਦੇ ਬਹਾਨੇ ਮੇਰੇ ਨਾਲ ਲਗਣਾ ਚਾਹੁੰਦੀ ਏ।

ਸਤਿਗੁਰੂ ਜੀ ਦੀ ਅਣਖੀਲੀ ਤੇ ਧਾਰਮਕ ਬੇਟੀ ਨੇ ਕਾਹਲੀ ਨਾਲ ਜਸੂ ਦੀ ਬਾਂਹ ਫੜ ਕੇ ਦੂਸਰੇ ਹਥ ਨਾਲ ਵਟ ਕੇ ਚਪੇੜ ਮਾਰੀ। ਉਸ ਚਪੇੜ ਨਾਲ ਜਸੂ ਦਾ ਮੂੰਹ ਦੂਸਰੇ ਪਾਸੇ ਹੋ ਗਿਆ। ਐਸੇ ਭਾਰੇ ਹਥ ਦੀ ਚਪੇੜ ਕਦੀ ਉਹਨੂੰ ਆਪਣੇ ਬਾਪ ਕੋਲੋਂ ਵੀ ਨਹੀਂ ਸੀ ਪਈ। ਉਹ ਚਪੇੜ ਦਾ ਘਬਰਾਇਆ ਹੋਇਆ ਸੀ ਕਿ ਉਸਦੀ ਬਾਂਹ ਮਰੋੜ ਕੇ ਬਲਵਾਨ ਦੀਪੋ ਨੇ ਉਸਦੇ ਲਕ ਵਿਚ ਐਸਾ ਗੋਡਾ ਮਾਰਿਆ ਕਿ ਉਹ ਮੂੰਹ ਦੇ ਭਾਰ ਖੇਤ ਵਿਚ ਜਾ ਡਿਗਾ।

'ਅਜੇ ਏਨਾ ਵੰਡ ਹੀ ਬਥੇਰਾ ਏ।'

ਆਖ ਕੇ ਦੀਪੋ ਆਪਣੇ ਲਸੀ ਦੇ ਗੜਵੇ ਵਲ ਵਧੀ।

ਜਸ੍ਹੂ ਦੇ ਉਠਣ ਤੋਂ ਪਹਿਲਾਂ ਉਸਨੇ ਗੜਵਾ ਸਿਰ ਤੇ ਚੁਕ ਲਿਆ ਤੇ ਕਾਹਲੀ ਨਾਲ ਤੁਰ ਪਈ।

'ਮੈਂ...ਮੈਂ...ਬਦਲਾ ਲਵਾਂਗਾ।'

ਜਸੂ ਨੇ ਵਾਰਨ ਵਿਚੋਂ ਉਠਦਿਆਂ ਹੋਇਆਂ ਆਖਿਆ।

ਉਹ ਫਿਰ ਦੀਪੋ ਵਲ ਵਧਿਆ।

'ਕੁਤੇ!'

ਦੀਪੋ ਨੇ ਲਲਕਾਰਿਆ।

ਅਗਲੇ ਹਾਲੀਆਂ ਨੇ ਉਨਾਂ ਨੂੰ ਦੇਖ ਲਿਆ। ਉਹ ਨਠੇ ਆਏ।

ਇਕ ਬਜ਼ੁਰਗ ਪਿਛੋਂ ਘੋੜੀ ਤੇ ਆ ਗਿਆ।

'ਮੈਂ ਤੈਨੂੰ...।'

ਜਸੂ ਨੇ ਗਾਲ ਕਢੀ।

ਦੀਪੋ ਨੇ ਫਿਰ ਸਿਰ ਤੋਂ ਲੱਸੀ ਦਾ ਕੁਜਾ ਧਰਤੀ ਤੇ ਰਖਣਾ ਚਾਹਿਆ ਕਿ ਘੋੜੀ ਵਾਲੇ ਬਜ਼ੁਰਗ ਨੇ ਆ ਦਖਲ ਦਿਤਾ। ਉਸਨੇ ਜੱਸੂ ਨੂੰ ਘੂਰ ਕੇ ਕਿਹਾ—'ਓਏ ਕੁੜੀ ਨੂੰ ਗਾਲ ਕਿਉਂ ਕਢੀ ਊ।'

ਜੱਸੂ ਦੇ ਮਾਪੇ ਮਰ ਗਏ।

ਉਧਰੋਂ ਹਾਲੀ ਵੀ ਆ ਪੁਜੇ। ਉਹ ਦੀਪੋ ਦੇ ਪਤੀ ਤੇਜ ਰਾਮ ਦੇ ਮਿਤਰ ਸਨ।

ਉਨ੍ਹਾਂ ਵਿਚੋਂ ਇਕ ਨੇ ਜੱਸੂ ਨੂੰ ਪਰਾਨੀ ਮਾਰ ਦਿਤੀ।

'ਭਰਾ ਜੀ! ਬਸ! ਬਥੇਰੀ ਹੋਈ ਇਸ ਨਾਲ ਜੇ ਬੰਦੇ ਦਾ ਪੁਤ ਹੋਏਗਾ ਤਾਂ ਅਗੇ ਨੂੰ ਕਿਸੇ ਦੀ ਧੀ ਭੈਣ ਨੂੰ ਕਦੀ ਕਬੋਲ ਨਹੀਂ ਬੋਲੇਗਾ।

'ਨਹੀਂ।ਇਸਦੀ ਹੱਡੀ ਪਸਲੀ ਨਹੀਂ ਛਡਣੀ।'

ਫੇਰ ਬਜ਼ੁਰਗ ਨੇ ਵਿਚ ਪੈ ਕੇ ਜੱਸੂ ਨੂੰ ਕੁਟ ਤੋਂ ਬਚਾ ਲਿਆ। ਉਸਨੂੰ ਪਿੰਡ ਨੂੰ ਤੋਰ ਦਿਤਾ ਤੇ ਦੀਪੋ ਲਸੀ ਦਾ ਗੜਵਾ ਤੇ ਰੋਟੀਆਂ ਚੁਕ ਕੇ

ਆਪਣੇ ਖੇਤਾਂ ਨੂੰ ਤੁਰ ਪਈ। ਉਥੋਂ ਅੱਠ ਕੁ ਪੈਲੀਆਂ ਅਗੇ ਉਸਦੇ ਪਤੀ ਦੇ ਹਲ ਵਗਦੇ ਸਨ।

੮.

ਅੱਜ ਤੋਂ ਦੋ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਇਖਲਾਕ ਦੀ ਬੜੀ ਕੀਮਤ ਸੀ। ਹਰ ਕੁੜੀ ਮੁੰਡੇ ਦਾ ਆਚਾਰਨ ਬੜਾ ਚੰਗਾ ਹੁੰਦਾ ਸੀ। ਪਿੰਡ ਦੀ ਧੀ ਭੈਣ, ਜਾਂ ਨੂੰਹ ਦੀ ਇੱਜ਼ਤ ਦੀ ਰਾਖੀ ਹੁੰਦੀ ਸੀ। ਮਾੜੀਆਂ ਹਰਕਤਾਂ ਤੇ ਕਤਲ ਹੋ ਜਾਂਦੇ ਸਨ। ਉਨ੍ਹਾਂ ਲੋਕਾਂ ਦਾ ਸਬਰ ਵੀ ਬੜਾ ਸੀ ਤੇ ਗੁਸਾ ਵੀ ਕਹਿਰ ਦਾ ਸੀ।

ਦੀਪੋ ਦੇ ਸਹੁਰੇ ਤੇ ਤੇਜ ਰਾਮ ਨੂੰ ਪਤਾ ਲਗ ਗਿਆ ਕਿ ਜੱਸੂ ਨੇ ਦੀਪੋ ਨੂੰ ਘੇਰਨ ਦਾ ਯਤਨ ਕੀਤਾ ਸੀ ਇਹ ਵੀ ਪਤਾ ਲਗਾ ਕਿ ਦੀਪੋ ਬੜੀ ਬਹਾਦਰ ਨਿਕਲੀ ਉਸ ਨੇ ਜੱਸੂ ਦੀ ਡਾਢੀ ਗਤ ਬਣਾਈ ਸੀ। ਜੱਸੂ ਵੀ ਲੱਕ ਨੂੰ ਸੇਕ ਦੇਵੇਗਾ। ਫਿਰ ਉਨ੍ਹਾਂ ਦਾ ਗੁਸਾ ਮੱਠਾ ਨਾ ਹੋਇਆ। ਤੇਜ ਰਾਮ ਨੇ ਘਰ ਜਾ ਕੇ ਦੀਪੋ ਨੂੰ ਪੁਛਿਆ।

'ਜੱਸੂ ਨਾਲ ਕੀ ਗਲ ਹੋਈ ਸੀ?'

ਦੀਪ ਨੇ ਨਿਡਰਤਾ ਨਾਲ ਉਤਰ ਦਿਤਾ—'ਗਲ ਕੀ ਹੋਣੀ ਸੀ ਸੱਪ ਨੇ ਰਾਹ ਰੋਕਣ ਦਾ ਯਤਨ ਕੀਤਾ, ਜਦੋਂ ਮੈਂ ਢੀਮ ਚੁਕੀ ਤਾਂ ਨਸ ਗਿਆ।

'ਤੂੰ ਦਸਿਆ ਕਿਉਂ ਨਾ?'

'ਦਸਦੀ ਕੀ? ਜਦੋਂ ਮੈਂ ਆਪ ਐਸੇ ਸੱਪਾਂ ਤੇ ਗਿਦੜਾਂ ਨੂੰ ਕੁਟ ਸਕਦੀ ਆਂ। ਆਪਣੀ ਰਾਖੀ ਮੈਂ ਆਪ ਕਰ ਸਕਦੀ ਆਂ। ਮੈਂ ਸਤਿਗੁਰੂ ਗੋਬਿੰਦ ਸਿੰਘ ਜੀ ਬਾਜਾਂ ਵਾਲੇ ਦੀ ਲੜਕੀ ਆਂ—ਤਾਂ ਨਿਕੀ ਨਿਕੀ ਗਲ ਤੁਸਾਂ ਨੂੰ ਕੀ ਦਸਦੀ। ਮੈਂ ਤਾਂ ਉਸਨੂੰ ਜਾਨੋਂ ਮਾਰ ਦੇਣਾ ਸੀ ਜੇ ਇਕਬਜ਼ੁਰਗ ਨਾ ਆਉਂਦਾ।'

'ਫਿਰ ਵੀ ਤੈਨੂੰ ਚਾਹੀਦਾ ਸੀ ਮੈਨੂੰ ਦਸਦੀ।'

ਇਹ ਆਖਕੇ ਤੇਜ ਰਾਮ ਬਾਹਰ ਨੂੰ ਚਲਿਆ ਗਿਆ।

ਉਹ ਬਹੁਤ ਅਣਖੀਲਾ ਗਭਰੂ ਸੀ। ਉਹ ਪਿੰਡ ਦੇ ਚੌਂਕ ਦੇ ਬੋਹੜ ਕੋਲ ਗਿਆ ਸੀ ਕਿ ਅਗੋਂ ਉਸ ਨੂੰ ਜੱਸੂ ਮਿਲ ਪਿਆ ਉਸ ਨੇ ਗੁਸੇ ਨਾਲ ਜੱਸੂ ਨੂੰ ਪੁਛ ਲਿਆ—'ਕਿਤੂੰ ਉਏ। ਅਜ ਦੀਪੇ ਨੂੰ ਘੇਰਦਾ ਸੀ।'

ਸਿਆਣਾ ਬਦਮਾਸ਼ ਸਮੇਂ ਦੀ ਨਾਤ ਵੇਖਕੇ ਗਰਪ ਸਰਦ ਹੁੰਦਾ ਹੈ, ਪਰ ਮੂਰਖ ਇਕੋ ਰਾਹੇ ਤੁਰਿਆ ਜਾਂਦਾ ਹੈ। ਦੋਵੇਂ ਗਲੋਂ ਵਲੀ ਹੋ ਪਏ। ਲੋਕਾਂ ਛੁਡਾ ਦਿਤੇ, ਖਤਰਾ ਟਲ ਗਿਆ।

ਜੱਸੂ ਬੁਰਾ ਸੀ, ਬੁਰਾ ਨਿਕਲਿਆ। ਉਹ ਕੌਮ ਧਰੋਹੀ ਬਣ ਗਿਆ ਉਸਨੇ ਦੀਪੇ ਤੇ ਤੇਜ ਰਾਮ ਕੋਲੋਂ ਬਦਲਾ ਲੈਣ ਦੀ ਠਾਨ ਲਈ। ਉਹ ਪਿੰਡੋਂ ਤੁਰਕੇ ਉਸ ਇਲਾਕੇ ਦੇ ਮੁਗਲ ਥਾਨੇਦਾਰ ਕੋਲ ਚਲਾ ਗਿਆ। ਉਸ ਵੇਲੇ ਥਾਨੇਦਾਰਾਂ ਨੂੰ ਮੁਗਲ ਹਾਕਮ ਆਖਿਆ ਜਾਂਦਾ ਸੀ ਉਹਨਾਂ ਵਿਚ ਬਹੁਤੇ ਹੁੰਦੇ ਵੀ ਮੁਗਲ ਹੀ ਸਨ। ਮੁਗਲ ਨਾਸਰ ਅਲੀ ਅਜੇ ਵੀਹ ਬਾਈ ਸਾਲ ਦਾ ਗਭਰੂ ਤੇ ਕਿਸੇ ਹਾਕਮ ਦਾ ਪੁਤਰ ਸੀ। ਬਹਤਾ ਹੈਂਕੜੀ, ਇਖਲਾਕ ਹੀਣ ਤੇ ਦੁਰਾਚਾਰੀ ਸੀ। ਉਸਦੇ ਕੋਲ ਜਾ ਕੇ ਜੱਸੂ ਨੇ ਸ਼ਿਕਾਇਤ ਕੀਤੀ। ਉਸ ਵੇਲੇ ਹਿੰਦੂਆਂ ਤੇ ਸਿਖਾਂ ਦੋਹਾਂ ਬਾਰੇ ਹੀ ਹਾਕਮ ਸ਼ਿਕਾਇਤਾਂ ਸੁਣ ਲੈਂਦੇ ਸਨ। ਕਿਉਂਕਿ ਔਰੰਗਜ਼ੇਬ ਦਾ ਹੁਕਮ ਸੀ ਕਿ ਇਸਲਾਮ ਵਿਚ ਵਾਧਾ ਕੀਤਾ ਜਾਏ। ਗੈਰ ਮੁਸਲਮਾਨ ਕਾਫਰ ਹਨ ਗੁਲਾਮ ਹਨ। ਇਹਨਾਂ ਨੂੰ ਦਬਾ ਕੇ ਰਖਿਆ ਜਾਏ ਤੇ ਜੇ ਹੋ ਸਕੇ ਤਾਂ ਮੁਸਲਮਾਨ ਬਣਾ ਲਿਆ ਜਾਏ।

'ਸਰਕਾਰ! ਦੀਪੋ ਲੋਹੜੇ ਦੀ ਜਵਾਨ ਤੇ ਸੁੰਦਰ ਏ। ਉਸਨੂੰ ਇਕ ਵਾਰ ਸਰਕਾਰ ਵੇਖ ਲਵੋ। ਉਸਤੇ ਉਸਦੇ ਰਭਰੂ ਨੇ ਰਲਕੇ ਮੈਨੂੰ ਕੁਟਿਆ ਏ। ਆਪ ਬਾਦਸ਼ਾਹ ਦੇ ਆਦਮੀ ਓ, ਅਸਾਂ ਮਾੜਿਆਂ ਨੇ ਤੁਸਾਂ ਅਗੇ ਈ ਫਰਿਆਦ ਕਰਨੀ ਹੋਈ।'

'ਅੱਛਾ ਮੈਂ ਕਲ ਤੁਸਾਂ ਦੇ ਪਿੰਡ ਆਵਾਂਗਾ।'

ਨਾਸਰ ਅਲੀ ਨੇ ਉਤਰ ਦਿਤਾ। ਦੀਪੋ ਦੀ ਸ਼ੋਭਾ ਸੁਣਕੇ ਉਸਦੀ ਮਲੀਨ ਆਤਮਾ ਤੇ ਵੀ ਕੁਝ ਕਾਲੇ ਛੈਲੇ ਪੈ ਗਏ।

ਅਗਲੇ ਦਿਨ ਨਾਸਰ ਅਲੀ ਤਲਬਨ ਆ ਗਿਆ।

ਉਸਦੇ ਨਾਲ ਸਤ ਕੁ ਪਿਆਦੇ ਸਨ। ਚੌਧਰੀ ਦੀ ਹਵੇਲੀ ਵਿਚ ਉਸਨੇ ਡੇਰਾ ਲਾਇਆ। ਉਸਦਾ ਆਉਣਾ ਸੁਣਕੇ ਸਾਰੇ ਪਿੰਡ ਵਿਚ ਸਹਿਮ ਛਾ ਗਿਆ। ਲੋਕਾਂ ਨੇ ਜਵਾਨ ਧੀਆਂ ਨੂੰ ਅੰਦਰ ਬੰਦ ਕਰ ਦਿਤਾ ਨੂੰਹਾਂ ਨੂੰ ਆਖਿਆ ਕਿ ਉਹ ਘਰੋਂ ਬਾਹਰ ਨਾ ਨਿਕਲਣ।

ਚੌਧਰੀ ਨੇ ਇਕ ਬਕਰਾ ਹਲਾਲ ਕਰਵਾਇਆ। ਨਾਸਰ ਅਲੀ ਤੇ ਉਸਦੇ ਆਦਮੀਆਂ ਵਾਸਤੇ ਦੁਪਹਿਰ ਦੀ ਰੋਟੀ ਤਿਆਰ ਕਰਵਾਈ, ਦੁਧ ਇਕੱਠਾ ਕੀਤਾ। ਦੁਪਹਿਰ ਦੀ ਰੋਟੀ ਪਿਛੋਂ, ਜਦੋਂ ਖਿਆਇਆ ਕਰਕੇ ਸਾਰੇ ਪਿੰਡ ਆ ਗਏ ਤਾਂ ਤੇਜ ਰਾਮ ਤੇ ਉਸਦੇ ਬਾਪ ਨੂੰ ਸਦਿਆ ਗਿਆ, ਉਹ ਕੁਝ ਘਬਰਾਏ।

ਜੱਸੂ ਨੇ ਤੁਹਾਡੇ ਵਿਰਧ ਦਰਖਾਸਤ ਦਿਤੀ ਏ।

ਨਾਸਰ ਅਲੀ ਨੇ ਆਖਿਆ।

'ਸਰਕਾਰ! ਹਨੇਰ ਦੀ ਗਲ ਏ, ਨਾਲੇ ਉਸਨੇ ਛੇੜਖਾਨੀ ਕਰਨ ਦਾ ਯਤਨ ਕੀਤਾ ਤੇ ਨਾਲੇ ਉਲਟਾ ਮੁਕਦਮਾ।'

ਤੇਜ ਰਾਮ ਦੇ ਬਾਪ ਨੇ ਕਿਹਾ। ਲਾਗੇ ਚੌਧਰੀ ਬੈਠਾ ਸੀ। ਉਸਨੂੰ ਸੰਬੋਧਨ ਕਰਕੇ ਆਖਿਆ—ਚੌਧਰੀ ਜੀ ਸੁਣ ਲਿਆ ਈ! ਇਹ ਈ ਭਲਾਮਾਨਸੀ ਦਾ ਫਲ। 'ਭਲਾਮਾਨਸ ਅੰਦਰ ਵੜੇ, ਬੁਰਾ ਆਖੇ ਮੈਥੋਂ ਡਰੇ!' ਤੁਸਾਂ ਦੇ ਸਮਝਾਉਣ ਤੇ ਅਸੀਂ ਚੁਪ ਕਰ ਰਹੇ, ਪਰ ਇਹ ਸਰਕਾਰੇ ਜਾ ਪੁਜਾ।

ਚੌਧਰੀ ਨੇ ਨਾਸਰ ਅਲੀ ਨੂੰ ਆਖਿਆ।

'ਸਰਕਾਰ ਮਾਮਲਾ ਕੁਝ ਨਹੀਂ। ਐਵੇਂ ਬਾਤ ਦਾ ਬਤੰਗੜ ਬਣਾਇਆ ਗਿਆ ਏ। ਜੱਸੂ ਨੇ ਐਵੇਂ ਤੁਸਾਂ ਨੂੰ ਖੇਚਲ ਦਿਤੀ। ਰਫਾ-ਦਫਾ ਕਰੋ ਮਾਮਲੇ ਨੂੰ। ਇਹ ਵੀ ਦੋਵੇਂ ਪਿਓ ਪੁਤਰ ਭਲੇ ਪੁਰਸ਼

ਹਨ। ਕਿਸੇ ਨਾਲ ਉਚੀ ਨੀਵੀਂ ਨਹੀਂ ਕਰਦੇ। ਸੁਲਤਾਨੀਏ ਪੀਰ ਦੇ ਭਗਤ ਹਨ।'

'ਪਰ ਚੌਧਰੀ ਜੀ! ਤੇਜ ਰਾਮ ਦੀ ਵਿਆਹੁਦੜ ਤਾਂ ਸਿਖਾਂ ਦੀ ਧੀ ਏ। ਬਾਗੀ ਗੁਰੂ ਦੀ ਚੇਲੀ—ਜਿਹੜਾ ਗੁਰੂ ਹਿੰਦੂਆਂ ਤੇ ਮੁਸਲਮਾਨਾਂ ਦੇ ਉਲਟ ਤੀਸਰਾ ਰਾਹ ਚਲਾ ਰਿਹਾ ਏ।'

'ਉਹ ਜ਼ਨਾਨੀ ਏ। ਘਰੇ ਰਹਿੰਦੀ ਏ। ਸਿਖਾਂ ਦੀ ਧੀ ਸੀ, ਪਰ ਹੁਣ ਤਾਂ ਸੁਲਤਾਨੀਆਂ ਦੇ ਘਰ ਏ।'

ਥਾਣੇਦਾਰ ਨੇ ਵੇਖਿਆ, ਚੌਧਰੀ ਤੇਜ ਰਾਮ ਤੇ ਉਸਦੇ ਬਾਪ ਦਾ ਪੱਖ ਭਰਦਾ ਸੀ। ਉਹ ਕੁਝ ਵੇਖ ਗਿਆ। ਕੁਝ ਸੋਚਕੇ ਫਿਰ ਬੋਲਿਆ-'ਅੱਛਾ ਇਕ ਵਾਰ ਉਸਨੂੰ ਸਦੋ।'

'ਕਿਸ ਨੂੰ ?'

ਤੇਜ ਰਾਮ ਨੇ ਪੁਛਿਆ।

'ਦੀਪੋ ਨੂੰ ਜੋ ਤੇਰੀ ਔਰਤ ਏ। ਉਸਦੇ ਵਿਰੁਧ ਮੁਕਦਮਾ ਏ, ਜੱਸੂ ਨੂੰ ਮਾਰਨ ਦਾ।'

ਜ਼ਨਾਨੀ ਵੀ ਮਰਦ ਨੂੰ ਮਾਰ ਕੁਟ ਸਕਦੀ ਏ ?'

ਤੇਜ ਰਾਮ ਦਾ ਬਾਪ ਬੋਲਿਆ।

'ਬੁਢਿਆ ਤੈਨੂੰ ਕੀ ਪਤਾ ਏ ਕਿ ਜ਼ਨਾਨੀ ਮਰਦ ਨੂੰ ਮਾਰ ਨਹੀਂ ਸਕਦੀ। ਗੱਲਾਂ ਨਾ ਬਹੁਤੀਆਂ ਕਰ। ਉਸਨੂੰ ਹਾਜ਼ਰ ਕਰ।'

'ਉਹ ਨਹੀਂ ਆਏਗੀ।'

ਤੇਜ ਰਾਮ ਦੀ ਅਨਖ ਗਰਮ ਹੋ ਗਈ।

'ਕੀ ਕਿਹਾ—ਕਾਫਰਾ! ਉਹ ਨਹੀਂ ਆ ਸਕਦੀ। ਤੈਨੂੰ ਪਤਾ ਨਹੀਂ ਮੈਂ ਨਾਸਰ ਅਲੀ ਹਾਕਮ ਆਂ।'

ਮਾਮਲਾ ਬਹੁਤਾ ਵਿਗੜਦਾ ਦੇਖ ਕੇ ਚੌਧਰੀ ਨੇ ਵਿਚ ਪੈ ਕੇ ਸਮਝਾਉਣ ਦਾ ਯਤਨ ਕੀਤਾ। ਪਰ ਨਾਸਰ ਅਲੀ ਨਾ ਮੰਨਿਆ। ਉਹ ਤਾਂ ਦੀਪੋ ਨੂੰ ਦੇਖਣਾ ਚਾਹੁੰਦਾ ਸੀ। ਜੱਸੂ ਉਸਨੂੰ ਪੱਕਿਆਂ ਕਰਕੇ ਲਿਆਇਆ ਸੀ।

ਨਾਸਰ ਅਲੀ ਵਿਗੜ ਗਿਆ। ਉਸਨੇ ਚੌਧਰੀ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਤੇਜ ਰਾਮ ਦੇ ਗਲ ਪੈ ਗਿਆ।

'ਕਿਉਂ ਓਏ ਦੀਪੋ ਨਹੀਂ ਆਏਗੀ ਏਥੇ ?'

'ਨਹੀਂ !'

'ਘਰੋਂ ਲਿਆਵਾਂ ਖਿਚ ਕੇ।'

'ਮੇਰੇ ਜੀਉਂਦੇ ਜੀ ਨਹੀਂ।'

ਤੇਜ ਰਾਮ ਦਾ ਬਾਪ ਡਰ ਗਿਆ। ਉਹ ਪਿਛਲੇ ਵਿਚਾਰਾਂ ਦਾ ਹਾਕਮਾਂ ਕੋਲੋਂ ਮੁਆਫੀਆਂ ਮੰਗਣ ਵਾਲਾ ਸੀ। ਉਸਨੇ ਨਾਸਰ ਅਲੀ ਦੀਆਂ ਮਿੰਨਤਾਂ ਕਰਨੀਆਂ ਸ਼ੁਰੂ ਕੀਤੀਆਂ ਕਿ ਉਸਦੀ ਨੂੰਹ ਨੂੰ ਪਹਰੇ ਵਿਚ ਨ ਲਿਆਂਦਾ ਜਾਇ। ਉਹ ਜੱਸੂ ਕੋਲੋਂ ਖਿਮਾਂ ਮੰਗਣ ਨੂੰ ਤਿਆਰ ਸੀ। ਮਾਮਲਾ ਵਧ ਗਿਆ। ਤੇ, ਰਾਮ ਦਾ ਨਵਾਂ ਖ਼ੂਨ ਉਛਲ ਪਿਆ। ਉਹ ਜ਼ੁਲਮ ਅਗੇ ਝੁਕਣ ਨੂੰ ਤਿਆਰ ਨਹੀਂ ਸੀ।

ਨਾਸਰ ਅਲੀ ਨੇ ਉਸ ਤੇ ਹੱਥ ਚੁਕ ਲਿਆ। ਪਿਆਦਿਆਂ ਕੋਲੋਂ ਕੁਟਵਾਇਆ ਤੇ ਉਸਦੀ ਨਿਰਾਦਰੀ ਕੀਤੀ।

ਦੀਪੋ ਨੂੰ ਖ਼ਬਰ ਪਹੁੰਚ ਗਈ ਕਿ ਉਸਦੇ ਪਤੀ ਨੂੰ ਮਾਰਿਆ—ਕੁਟਿਆ ਜਾ ਰਿਹਾ ਏ। ਉਹ ਸ਼ੇਰ ਦੀ ਬੱਚੀ ਉਸੇ ਵੇਲੇ ਪਿੰਡ ਦੇ ਚੌਂਕ ਵਲ ਨੱਠ ਉਠੀ। ਉਸਨੇ ਸਹੁਰੇ ਪਿੰਡ ਦਾ ਖਿਆਲ ਨਾ ਕੀਤਾ, ਨਾ ਆਪਣੀ ਜਾਨ ਦਾ। ਉਹ ਤਾਂ ਜ਼ੁਲਮ ਨਾਲ ਟਕਰ ਲੈਣ ਵਾਸਤੇ ਤਿਆਰ ਹੋਈ ਸੀ।

ਉਹ ਚੌਂਕ ਵਿਚ ਜਾ ਅਪੜੀ। ਉਸ ਦਾ ਸਹੁਰਾ ਨਾਸਰ ਅਲੀ ਦੇ ਪੈਰੀਂ ਡਿਗਾ ਸੀ। ਉਸ ਦੇ ਪਤੀ ਨੂੰ ਪਿਆਦਿਆਂ ਨਪਿਆ ਹੋਇਆ ਸੀ। ਨਾਸਰ ਅਲੀ ਦੇ ਹੱਥ ਵਿਚ ਛਾਂਟਾ ਸੀ। ਜਿਸ ਦੇ ਅਗੇ ਬਹੁਤ ਚੰਮੜੇ ਦੀ ਲੰਮੀ ਤੰਦਰ ਲਗੀ ਹੋਈ ਸੀ। ਦੀਪੋ ਜਾਂਦੀ ਨੇ ਝਪਟਾ ਮਾਰ ਕੇ ਨਾਸਰ ਅਲੀ ਦੇ ਹਥੋਂ ਵਕਰ ਖੋਹ ਲਈ ਤੇ ਕੜਕ ਕੇ ਬੋਲੀ—'ਇਹੋ ਤੁਸਾਂ ਦੀ ਹਮਦਰਦੀ ਏ ਕਿ ਮਾੜਿਆਂ ਤੇ ਨਿਹੱਥਿਆਂ ਉਤੇ ਹੱਥ ਚੁਕੋ। ਛੱਡ ਦਿਓ ਇਨ੍ਹਾਂ ਨੂੰ ਨਹੀਂ ਤੇ......'

ਜਿਵੇਂ ਤਰਕਾਲਾਂ ਦਾ ਸੂਰਜ ਲਾਲ ਸੀ ਤਿਵੇਂ ਦੀਪੋ ਦਾ ਚਿਹਰਾ ਲਾਲ ਹੋ ਗਿਆ। ਉਸ ਦੀਆਂ ਅੱਖਾਂ ਵਿਚੋਂ ਕਰੋਧ ਦੇ ਚੰਗਿਆੜੇ ਨਿਕਲਣ ਲਗੇ। ਉਹ ਦੰਦ ਪੀਸਦੀ ਹਈ ਕਰੋਧ ਨਾਲ ਕੰਬੀ ਜਾਂਦੀ ਸੀ। ਧਰਮ, ਅਣਖ ਤੇ ਪਤੀ ਪਿਆਰ ਦਾ ਜੋਸ਼ ਉਸ ਦੇ ਲਹੂ ਨੂੰ ਗਰਮਾਈ ਜਾਂਦਾ ਸੀ। ਵੇਖਣ ਵਾਲੇ ਹੱਕੇ ਬੱਕੇ ਰਹਿ ਗਏ। ਉਸਦੇ ਸਹੁਰੇ ਨੇ ਨੀਵੀਂ ਪਾ ਲਈ। ਨਾਸਰ ਅਲੀ ਦਾ ਮੂੰਹ ਅੱਡਿਆ ਹੀ ਰਹਿ ਗਿਆ ਕਿ ਕੌਣ ਚੰਡਕਾ ਆ ਗਈ।

'ਤੂੰ ਕੌਣ ਏ?'

ਨਾਸਰ ਅਲੀ ਨੇ ਪੁਛਿਆ,

'ਤੇਰੀ ਮੌਤ! ਜ਼ੁਲਮ ਦੀ ਵੈਰਨ।'

ਦੀਪੋ ਨੇ ਉਤਰ ਦਿਤਾ।

'ਛਡ ਦਿਓ ਇਨਾਂ ਨੂੰ ਨਹੀਂ ਤੇ ਮੈਂ ਕਿਸੇ ਦੀ ਹਡੀ ਪਸਲੀ ਨਹੀਂ ਛਡਾਂਗੀ। ਹਾਕਮਾਂ ਦਾ ਕੰਮ ਪਰਜਾ ਦੀ ਪਾਲਨਾ ਕਰਨਾ ਏ, ਮਾਰਨ ਕੁਟਣਾ ਨਹੀਂ। ਮੇਰੇ ਕਰਕੇ ਇਨਾਂ ਨੂੰ ਤੰਗ ਕੀਤਾ ਜੇ। ਮੈਂ ਹਾਜਰ ਆਂ ਬੋਲੋ ਕੀ ਆਖਣਾ ਜੇ?'

ਜਿਨ੍ਹਾਂ ਪਿਆਦਿਆਂ ਨੇ ਤੇਜ ਰਾਮ ਨੂੰ ਨਪਿਆ ਸੀ, ਉਨਾਂ ਦੇ ਹਥ ਢਿਲੇ ਹੋ ਗਏ। ਤੇਜ ਰਾਮ ਹਮਲਾ ਮਾਰ ਕੇ ਉਠਣ ਲਗਾ ਤਾਂ ਉਨਾਂ ਫਿਰ ਨੱਪਿਆ। ਦੀਪੋ ਨੇ ਬਿਨਾਂ ਕੁਝ ਕਹੇ ਸੁਣੇ ਦੇ ਪਿਆਦਿਆਂ ਦੀਆਂ ਮੋਢਾਂ ਵਿਚ ਚਾਬਕ ਮਾਰਨੇ ਸ਼ੁਰੂ ਕਰ ਦਿਤੇ ਉਹ ਚਾਬਕਾਂ ਖਾ ਕੇ ਦੂਹਰੇ ਲਕ ਹੁੰਦੇ ਹੋਏ ਹੈਰਾਨੀ ਤੇ ਗੁਸੇ ਨਾਲ ਸਿਧ ਹੋ ਗਏ। ਤੇਜ ਰਾਮ ਉਨਾਂ ਦੇ ਹਥਾਂ ਵਿਚੋਂ ਨਿਕਲ ਗਿਆ।

ਚੌਧਰੀ ਨੇ ਅਗੇ ਹੋ ਕੇ ਦੀਪੋ ਦਾ ਹਥ ਫੜ ਲਿਆ।

'ਬੇਟੀ! ਹੋਸ਼ ਕਰ ਇਹ ਕੀ ਕਰ ਰਹੀ ਏਂ? ਅੱਗ ਨਾਲ ਨਹੀਂ ਖੇਡੀ ਦਾ।'

'ਬਾਪੂ ਜੀ!' ਦੀਪੋ ਨੇ ਆਪਣਾ ਹਥ ਛੁੜਾਓ ਦਿਆਂ ਹੋਇਆਂ

ਆਖਿਆ—'ਮੇਰਾ ਜਨਮ ਅੱਗ ਨਾਲ ਖੇਡਣ ਵਾਸਤੇ ਹੋਇਆ ਏ। ਇੱਟ ਚੁਕਦੇ ਨੂੰ ਪਥਰ ਮਾਰੇ ਬਿਨਾਂ ਧਰਮ ਨਹੀਂ ਬਚ ਸਕਦਾ। ਮੈਨੂੰ ਪਤਾ ਏ, ਇਹ ਕੀ ਚਾਹੁੰਦੇ ਹਨ। ਜਸੂ ਕਿਉਂ ਇਨਾਂ ਨੂੰ ਲਿਆਇਆ ਏ। ਮੈਂ ਉਸ ਦਾ ਵੀ ਖ਼ੂਨ ਕਰ ਦੇਣਾ ਏ। ਦੁਰਾਚਾਰੀ ਆਦਮੀ ਨੂੰ ਧਰਤੀ ਦੇ ਭਾਰ ਨਹੀਂ ਬਣਨਾ ਚਾਹੀਦਾ। ਦੁਰਾਚਾਰੀ ਨੂੰ ਮਾਰਨਾ ਸੀ ਭਲਾ ਏ।

ਨਾਸਰ ਅਲੀ ਕੰਬ ਉਠਿਆ। ਉਹ ਪਾਗਲ ਹੋਣ ਲਗਾ। ਹਿੰਦੂਆਂ ਦੇ ਪਿੰਡ ਵਿਚ ਮੁਗਲ ਹਾਕਮ ਦੀ ਨਿਰਾਦਰੀ ਹੋਵੇ ਤੇ ਉਹ ਵੀ ਪੰਚਾਇਤ ਦੇ ਸਾਹਮਣੇ—ਉਹ ਕਿਵੇਂ ਸਹਿ ਸਕਦਾ ਸੀ। ਉਸ ਨੇ ਮਿਆਨ ਵਿਚੋਂ ਤਲਵਾਰ ਖਿਚ ਲਈ। ਮੁਗਲ ਹਾਕਮ ਦੀ ਨੰਗੀ ਤਲਵਾਰ ਕਤਲੇ-ਆਮ ਦੀ ਨਿਸ਼ਾਨੀ ਹੁੰਦੀ ਸੀ। ਪਿੰਡ ਵਾਲਿਆਂ ਦਾ ਲਹੂ ਸੁਕ ਗਿਆ। ਚੌਧਰੀ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ, ਜੱਸੂ ਮੈਦਾਨ ਛੱਡ ਕੇ ਖਿਸਕ ਗਿਆ। ਜਨਾਨੀਆਂ ਕੋਠਿਆਂ ਤੇ ਖਲੋਤੀਆਂ ਹੋਈਆਂ ਪਿਛੇ ਹੱਟ ਗਈਆਂ। ਨਾਸਰ ਅਲੀ ਸਾਰੇ ਪਿੰਡ ਦੀ ਇੱਟ ਨਾਲ ਇੱਟ ਖੜਕਾ ਦੇਵੇਗਾ। ਕਈਆਂ ਦੇ ਇਹ ਵਿਚਾਰ ਮਨ ਅ ਏ।

'ਕਾਫ਼ਰ! ਐਨੀ ਜੁਰਤ।'

ਨਾਸਰ ਅਲੀ ਨੇ ਕਰੋਧ ਨਾਲ ਲਾਲ ਹੋਕੇ ਆਖਿਆ ਤੇ ਲੜਨ ਲਈ ਮੈਦਾਨ ਵਲ ਨਿਕਲਿਆ।

'ਹਾਂ! ਜ਼ੁਰਤ ਕਰਨ ਦੀ ਲੋੜ ਏ।'

ਦੀਪੋ ਨੇ ਪੈਂਤੜਾ ਲਿਆ। ਉਸ ਨੇ ਸ਼ਸਤਰ ਵਿਦਿਆ ਸਿਖੀ ਹੋਈ ਸੀ। ਉਸ ਨੂੰ ਪਰਖ ਕਰਨ ਦਾ ਮੌਕਾ ਵੀ ਸ਼ਾਇਦ ਪਹਿਲੀ ਵਾਰ ਮਿਲਿਆ। ਨਾਸਰ ਅਲੀ ਦੇ ਹੱਥ ਵਿਚ ਤਲਵਾਰ ਸੀ ਤੇ ਦੀਪੋ ਦੇ ਹੱਥ ਵਿਚ ਚਾਬਕ। ਧਰਮ ਦੀ ਮੂਰਤੀ ਚੰਡਕਾ ਦੇ ਸਨਮੁਖ ਲੜਨ ਲਈ ਪਾਪੀ ਤੇ ਸ਼ੈਤਾਨ ਹਾਕਮ ਸੀ, ਵੇਖੋ ਕਿਸ ਦੀ ਜੈ ਹੋਏ।

ਸਤਿਗੁਰੂ ਜੀ ਦੀ ਬੱਚੀ ਨੇ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਕੀਤਾ। ਚੰਡੀ ਦਾ ਪਾਠ ਮੂੰਹ ਵਿਚ ਕਰਨ ਲਗੀ। ਨਾਸਰ ਅਲੀ ਨੇ ਉਸ

ਵਾਰ ਕਰਨ ਲਈ ਹੱਥ ਚੁਕਿਆ ਤਾਂ ਦੀਪੋ ਨੇ ਪਹਿਲਾ ਵਾਰ ਬਚਾਇਆ ਦੂਸਰਾ ਵਾਰ ਉਸਨੇ ਕਰਨਾ ਹੀ ਸੀ ਕਿ ਦੀਪੋ ਨੇ ਐਸੀ ਫੁਰਤੀ ਤੇ ਸਮਝ ਨਾਲ ਚਾਬਕ ਦਾ ਵਾਰ ਕੀਤਾ ਕਿ ਚਾਬਕ ਨੇ ਨਾਸਰ ਅਲੀ ਦੇ ਉਸ ਗੁਟ ਨੂੰ ਨਾਗ ਵਲ ਪਾ ਲਿਆ, ਜਿਹੜੇ ਹੱਥ ਵਿਚ ਤਲਵਾਰ ਦੀ ਮੁਠ ਘੁਟੀ ਸੀ। ਨਾਗ ਵਲ ਖੋਲ੍ਹਣ ਵਾਸਤੇ ਦੀਪੋ ਨੇ ਐਸਾ ਝਟਕਾ ਮਾਰਿਆ ਕਿ ਨਾਸਰ ਅਲੀ ਚਾਬਕ ਦਾ ਖਿਚਿਆ ਹੋਇਆ ਅਗਲੇ ਪਾਸੇ ਗਿਰ ਖਿਆ, ਪਰ ਤਲਵਾਰ ਉਸਦੀ ਮੁਠ ਵਿਚ ਹੀ ਰਹੀ। ਨਾਸਰ ਅਲੀ ਦੇ ਉਠਣ ਤੋਂ ਪਹਿਲਾਂ ਹੀ ਦੀਪੋ ਸ਼ੇਰਨੀ ਵਾਂਗ ਉਛਲ ਕੇ ਉਸ ਦੇ ਉਤੇ ਜਾ ਖਲੋਤੀ। ਉਹਦੀ ਪਿਠ ਉਤੇ ਜਾ ਪੈਰ ਰਖਿਆ ਤੇ ਉਸਦਾ ਗਟ ਮਰੋੜ ਕੇ ਤਲਵਾਰ ਖੋਹ ਲਈ। ਇਹ ਸਭ ਕੁਝ ਏਨੀ ਛੇਤੀ ਹੋਇਆ ਕਿ ਕਿਸੇ ਨੂੰ ਰੋਕਣ ਫੜਨ ਦਾ ਮੌਕਾ ਹੀ ਨਾ ਮਿਲਿਆ।

ਨਾਸਰ ਅਲੀ ਡਰ ਗਿਆ। ਕਾਮ ਵਾਸ਼ਨਾ ਦੀ ਅੱਗ ਨਾਲ ਸੜੀ ਹੋਈ ਉਸ ਦੀ ਆਤਮਾ ਡਹਿਲ ਗਈ। ਸ਼ਰਮਿੰਦਗੀ ਏਨੀ ਉਠਾਉਣੀ ਪਈ ਕਿ ਉਹ ਇਸ ਜੀਣ ਨਾਲੋਂ ਮੌਤ ਚੰਗੀ ਸਮਝਦਾ ਸੀ ਜਿਨ੍ਹਾਂ ਪਿੰਡ ਵਾਲਿਆਂ ਅਗ ਉਹ ਆਪਣੀ ਬਹਾਦਰੀ ਦੀਆਂ ਡੀਂਗਾ ਮਾਰਿਆ ਕਰਦਾ ਸੀ ਅਤੇ ਸਾਰੀ ਪਰਜਾ ਤੇ ਉਸ ਦਾ ਰੋਅਬ ਸੀ, ਉਨਾਂ ਦੇ ਮਨਸਖ ਹੀ ਉਸ ਦੇ ਮਜ਼ਬੂਤ ਮੁਗਲਾਨੀ ਤਲਵਾਰ ਇਕ ਸਿਖ ਬਚੀ ਨੇ ਖੋਹ ਲਈ ਉਹ ਤਲਵਾਰ ਜਿਹੜੀ ਮਹਿਮੂਦ ਗਜ਼ਨੀ ਹਥੋਂ ਪੰਜਾਬ ਦਾ ਰਾਜਾ ਜੈ ਪਾਲ ਨਾ ਖੋਹ ਸਕਿਆ। ਜਿਸ ਚੰਗੇਜ਼ੀ ਜਾਂ ਮੁਗਲਾਨੀ ਤਲਵਾਰ ਨੇ ਸਾਰੇ ਭਾਰਤ ਦੇ ਰਾਜਿਆਂ ਨੂੰ ਨੀਵਾਂ ਕੀਤਾ, ਮੰਦਰ ਢਾਹ ਢੇਰੀ ਕੀਤੇ ਅਤੇ ਕਈ ਕਰੋੜ ਹਿੰਦੂਆਂ ਨੂੰ ਮੁਸਲਮਾਨ ਬਣਾ ਦਿਤਾ। ਸਤਿਗੁਰੂ ਜੀ ਦੀ ਮਿਹਰ ਸਦਕਾ ਉਸੇ ਤਲਵਾਰ ਨੂੰ ਦੀਪੋ ਨੇ ਖੋਹ ਕੇ ਸਾਬਤ ਕੀਤਾ ਕਿ ਮੁਗਲ ਤਲਵਾਰ ਨੂੰ ਖੋਹਨਤੇ ਤੋੜਨ ਵਾਲੀ ਮਹਾਨ ਸ਼ਕਤੀ ਨਵੇਂ ਰੂਪ ਵਿਚ ਭਾਰਤ ਵਿਚ ਪੈਦਾ ਹੋ ਰਹੀ ਸੀ। ਉਹ ਦਿਨ ਦੂਰ ਨਹੀਂ ਸਨ ਜਦੋਂ ਕਿ ਮੁਗਲਤਾਨ ਭਾਰਤ ਵਿਚ ਨਜ਼ਰ ਹੀ ਨਹੀਂ ਆਏਗਾ ਸਗੋਂ ਸੰਸਾਰ ਦੇ ਇਤਿਹਾਸ ਵਿਚ

ਇਸ ਦੀਆਂ ਕਹਾਣੀਆਂ ਹੀ ਰਹਿ ਜਾਣਗੀਆਂ । ਮੁਗਲ ਤੇ ਪਠਾਨ ਸਿਰਾਂ ਤੇ ਪੈਰਾਂ ਉਤੇ ਮਿਟੀ ਚੁਕ ਕੇ ਲੋਕਾਂ ਦੀਆਂ ਕੰਧਾਂ ਕਢਿਆ ਕਰਨਗੇ ।

ਨਾਸਰ ਅਲੀ ਦੇ ਸਿਪਾਹੀਆਂ ਨੂੰ ਹੌਂਸਲਾ ਨਾ ਪਿਆ ਕਿ ਉਹ ਨਾਸਰ ਅਲੀ ਦੀ ਸਹਾਇਤਾ ਕਰਨ । ਤੇ ਉਨਾਂ ਦਾ ਤਾਂ ਲਹੂ ਹੀ ਜੰਮ ਗਿਆ । ਪਰਾਈ ਮੌਤੇ ਕੌਣ ਮਰੇ । ਦੂਸਰਾ ਡੈ ਹੋ ਗਿਆ ਕਿ ਸਾਰਾ ਪਿੰਡ ਹੀ ਨਾ ਗਲ ਪੈ ਜਾਏ । ਉਹ ਖਲੋਤੇ ਰਹੇ । ਖਲੋਤੇ ਹੀ ਕੰਬੀ ਗਏ ।

ਨਾਸਰ ਅਲੀ ਮਰਨ ਮਾਰਨ ਤੇ ਤੁਲ ਗਿਆ । ਸ਼ਰਮ ਨਾਲ ਉਸ ਦੀਆਂ ਅਖਾਂ ਉਚੀਆਂ ਨਹੀਂ ਸਨ ਹੁੰਦੀਆਂ ਉਹ ਉਠਿਆ ਦੀਪੋ ਨੇ ਉਸਨੂੰ ਲਲਕਾਰਿਆ-

'ਜੇ ਕਿਸੇ ਬਹਾਦਰ ਮਾਂ ਦਾ ਦੁਧ ਪੀਤਾ ਈ ਤਾਂ ਲੈ ਤਲਵਾਰ ਤੇ ਲੜ । ਅਜ ਮੈਂ ਤੇਰੀ ਮਤ ਬਣਕੇ ਆਈ ਆਂ ।'

ਦੀਪੋ ਨੇ ਉਸਨੂੰ ਤਲਵਾਰ ਫੜਨ ਦਾ ਮੌਕਾ ਦਿਤਾ, ਜਿਵੇਂ ਕਿ ਇਕ ਸਿਆਣਾ ਤੇ ਸਚਾ ਬਹਾਦਰ ਦੂਸਰੇ ਬਹਾਦਰ ਨੂੰ ਆਪਣਾ ਬਲ ਪਰਖਣ ਲਈ ਮੌਕਾ ਦਿੰਦਾ ਹੈ ।

ਨਾਸਰ ਅਲੀ ਨੇ ਆਪਣੇ ਇਕ ਸਿਪਾਹੀ ਕੋਲੋਂ ਤਲਵਾਰ ਖੋਹ ਲਈ । ਨਾਸਰ ਦੀ ਤਲਵਾਰ ਦੀਪੋ ਦੇ ਹਥ ਵਿਚ ਸੀ । ਦੀਪੋ ਦੇ ਸਿਰ ਦਾ ਦੁਪਟਾ ਲਥ ਗਿਆ ਸੀ । ਉਸਦੀ ਗੁਤ ਪਿਛੇ ਲਮਕਦੀ ਪਈ ਸੀ ਉਸ ਤੇ ਉਮਰ ਭਰ ਵਾਸਤੇ ਸਬਕ ਦੇਣ ਤੇ ਤੁਲੀ ਹੋਈ ਸੀ । ਉਸਦੇ ਨੈਣਾਂ ਵਿਚ ਬਹਾਦਰੀ ਦਾ ਲਹੂ ਉਤਰਿਆ ਹੋਇਆ ਸੀ ।

ਨਾ ਨਾਸਰ ਕਸਕਿਆ ਤੇ ਨਾ ਦੀਪੋ ਨੇ ਕੋਈ ਗਲ ਕੀਤੀ । ਦੋਵੇਂ ਖੁਲ ਪਿੜ ਵਿਚ ਤਲਵਾਰਾਂ ਨਾਲ ਲੜਨ ਲਗੇ । ਖਿਡਾਰੀਆਂ ਵਾਂਗ ਪੈਂਤੜ ਲੈ ਕੇ ਇਕ ਦੂਸਰੇ ਤੇ ਵਾਰ ਕਰਨ ਲਗੇ । ਤਲਵਾਰ ਤੇ ਤਲਵਾਰ ਵਜਦੀ ਤਾਂ ਬੜੀ ਭਿਆਨਕ ਟੁਣਕਾਰ ਦੀ ਆਵਾਜ਼ ਨਿਕਲਦੀ ਉਸ

ਆਵਾਜ਼ ਨੂੰ ਸੁਣ ਕੇ ਦੇਖਣ ਵਾਲਿਆਂ ਦੇ ਦਿਲ ਹਿਲ ਜਾਂਦੇ। ਪਿੰਡ ਦਾ ਕੋਈ ਆਪਣੇ ਘਰ ਨਾ ਰਿਹਾ ਚੌਂਕ ਦੇ ਚੌਗਿਰਦੇ ਦੇ ਕੋਠਿਆਂ ਤੇ ਤਾਂ ਭੀੜ ਲਗ ਗਈ। 'ਭੋਜ ਰਾਮ ਦੀ ਵਹੁਟੀ ਮੁਗਲ ਨਾਲ ਲੜ ਰਹੀ ਏ।' ਸਾਰਿਆਂ ਵਾਸਤੇ ਇਹ ਅਸਚਰਜ ਦੀ ਗਲ ਸੀ।

ਨਾਸਰ ਵੀ ਉਸਤਾਦਾਂ ਦਾ ਚੰਡਿਆ ਹੋਇਆ ਸੀ। ਉਸ ਨੇ ਚਾਰ ਲੜਾਈਆਂ ਵਿਚ ਹਿਸਾ ਲਿਆ ਸੀ। ਦੂਸਰੇ ਪਾਸੇ ਵੀ ਨੇ ਦੀਪੋ ਸਤਿਗੁਰੂ ਜੀ ਦੀ ਮਿਹਰ ਨਾਲ ਸ਼ਸਤਰ ਪੂਜਾ ਕੀਤੀ ਸੀ। ਚੰਡੀ ਦੀ ਵਾਰ ਦਾ ਉਹ ਪਾਠ ਕਰੀ ਜਾ ਰਹੀ ਸੀ। ਜਿਉਂ ੨ ਪਾਠ ਕਰਦੀ ਤਿਉਂ ੨ ਉਸਦਾ ਬਲ ਜਾਗਦਾ ਸੀ ਉਸ ਦੇ ਅਖਾਂ ਤੇ ਪੈਰਾਂ ਵਿਚ ਕਾਹਲ ਆਉਂਦੀ ਸੀ। ਨਾਸਰ ਨੂੰ ਜਾਨ ਬਚਾਉਣਾ ਔਖੀ ਹੋ ਗਈ। ਉਹ ਵਾਰ ਕਰਨ ਦੀ ਥਾਂ ਵਾਰ ਰੋਕਣ ਤੇ ਹੋ ਗਿਆ। ਲੜਦੇ ੨ ਖੂਹ ਦੀ ਮੜ ਉਤੇ ਚੜ੍ਹ ਗਏ। ਖੂਹ ਦੀ ਮੜ ਤੋਂ ਖੂਹ ਵਿਚ ਡਿਗਣ ਦਾ ਡਰ ਸੀ। ਪਿਛੇ ਹੱਟਣ ਲਗਾ ਨਾਸਰ ਮੜ ਤੋਂ ਹੇਠਾਂ ਧਰਤੀ ਤੇ ਡਿਗ ਪਿਆ, ਪਰ ਫਿਰ ਫੁਰਤੀ ਨਾਲ ਉਠ ਕੇ ਹੁਸ਼ਿਆਰ ਹੋ ਗਿਆ।

ਦੋਹਾਂ ਦੇ ਸ਼ਰੀਰ ਮੁੜ੍ਹਕੇ ਨਾਲ ਭਿਜ ਗਏ। ਸਾਹ ਔਖੇ ਹੋ ਗਏ। ਹੌਂਕਣੀਆਂ ਲਗ ਗਈਆਂ-ਪਰ ਮਥੇ ਦੇ ਵਟ ਕਿਸ ਦੇ ਮੱਠੇ ਨਾ ਹੋਏ। ਬੁਲ੍ਹਾਂ ਤੇ ਗੁਸੇ ਦੀ ਮੋਟ ਸੀ। ਅੱਖਾਂ ਵਿਚ ਲਹੂ ਉਤਰਿਆ ਹੋਇਆ ਸੀ। ਦੀਪੋ ਦੀ ਤਲਵਾਰ ਨੂੰ ਨਾਸਰ ਦੇ ਲਹੂ ਦੇ ਨਿਸ਼ਾਨ ਸਨ। ਉਹ ਨਿਸ਼ਾਨ ਪ੍ਰਗਟ ਕਰ ਰਹੇ ਸਨ ਕਿ ਨਾਸਰ ਨੂੰ ਜ਼ਰੂਰ ਚੋਟ ਲਗ ਗਈ ਸੀ। ਫਿਰ ਵੀ ਉਹ ਲੜੀ ਜਾਂਦਾ ਸੀ।

ਨਾਸਰ ਘਬਰਾ ਗਿਆ, ਉਸ ਦੇ ਹੱਥ ਹੌਲੀ ਹੌਲੀ ਹਿਲਣ ਲਗੇ। ਬਾਹੀਂ ਫਲ ਗਈਆਂ ਉਸ ਨੂੰ ਜਾਨ ਬਚਾਉਣ ਦੇ ਲਾਲੇ ਪੈ ਗਏ। ਦੀਪੋ ਤੇ ਗਜ਼ਨੀ ਦੀ ਉਲਾਦ ਨਿਕਲੀ, ਉਹ ਤਾਂ ਇਤੋਂ ਲੜ ਰਹੀ ਸੀ, ਜਿਵੇਂ ਕੋਈ ਹੰਢਿਆ ਹੋਇਆ ਸੈਨਾਪਤੀ ਲੜਦਾ ਹੈ। ਉਸ ਨੇ ਤਲਵਾਰ ਉਤੇ ਤਲਵਾਰ ਦਾ ਵਾਰ ਕੀਤਾ। ਤਲਵਾਰ ਵਲ ਪਾ ਕੇ ਝਟਕਾ ਮਾਰਿਆ। ਨਾਸਰ ਦੇ ਤੇ

ਛੁੱਟ ਪਏ ਹੱਥ ਵਿਚੋਂ ਤਲਵਾਰ ਖਿਸਕ ਕੇ ਦੂਰ ਜਾ ਪਈ। ਉਸ ਦੇ ਹੱਥ ਵਿਚੋਂ ਤਲਵਾਰ ਨਿਕਲਣ ਦੀ ਦੇਰ ਸੀ ਕਿ ਦੀਪੋ ਦੇ ਦੂਸਰੇ ਵਾਰ ਤੇ ਉਸ ਦੀ ਤਲਵਾਰ ਦੀ ਨੋਕ ਨਾਸਰ ਦੀ ਚੌੜੀ ਹਿੱਕ ਤੇ ਸੀ। ਉਸ ਨੇ ਦੋਵੇਂ ਹੱਥ ਜੋੜ ਕੇ ਜ਼ਿੰਦਗੀ ਦਾਨ ਮੰਗਿਆ। ਇਕ ਬਹਾਦਰ ਦੂਸਰੇ ਬਹਾਦਰ ਨੂੰ ਜਿਵੇਂ ਖਿਮਾਂ ਕਰਦਾ ਹੈ, ਤਿਵੇਂ ਦੀਪੋ ਨੇ ਨਾਸਰ ਨੂੰ ਜਾਨੋਂ ਨਾ ਮਾਰਿਆ ਅਪਣੀ ਤੇਗ ਦੀ ਤਿਖੀ ਨੋਕ ਤੇ ਉਸ ਦੀ ਹਿੱਕ ਵਿਚ ਨਾ ਖੋਭੀ।

'ਬਸ ? ਮੈਂ ਤੇਰੀ ਬਹਾਦਰੀ ਦੀ ਦਾਦ ਦਿੰਦਾ ਹਾਂ।'

ਨਾਸਰ ਅਲੀ ਨੇ ਆਖਿਆ।

ਉਹ ਬੈਠ ਗਿਆ ਥੱਕ ਚੁਕਾ ਸੀ। ਦੀਪੋ ਉਸ ਦੀ ਤਲਵਾਰ ਨੂੰ ਉਸ ਦੇ ਪੈਰਾਂ ਵਿਚ ਸੁਟ ਕੇ ਘਰ ਨੂੰ ਤੁਰ ਪਈ। ਉਸ ਨੇ ਤੁਰਨ ਲਗਿਆਂ ਤੇਜ ਰਾਮ ਨੂੰ ਇਸ਼ਾਰਾ ਕੀਤਾ ਕਿ ਉਹ ਵੀ ਘਰ ਨੂੰ ਤੁਰ ਆਏ!

ਲੋਕਾਂ ਨੇ ਅਨੋਖਾ ਕੌਤਕ ਵੇਖਿਆ। ਅਗੇ ਉਹ ਕਹਾਣੀਆਂ ਸੁਣਿਆ ਕਰਦੇ ਸਨ ਕਿ ਭਾਰਤ ਵਿਚ ਕਦੀ ਦੇਵੀਆਂ ਲੜਾਈ ਕਰਿਆ ਕਰਦੀਆਂ ਸਨ। ਪਰ ਉਨ੍ਹਾਂ ਨੇ ਪਰਤਖ ਨਹੀਂ ਵੇਖੀਆਂ ਸਨ। ਦੀਪੋ ਦੀ ਦਲੇਰੀ ਇਸਤ੍ਰੀ ਜਾਤ ਦੀ ਮਹਾਨ ਸ਼ਕਤੀ ਦੀ ਪ੍ਰਦਰਸ਼ਨੀ ਸੀ। ਮਨ ਹੀ ਮਨ ਸਾਰੇ ਪਿੰਡ ਵਾਲੇ ਖੁਸ਼ ਹੋਏ ਸਾਰੀਆਂ ਜ਼ਨਾਨੀਆਂ ਕੋਠਿਆਂ ਤੋਂ ਉਤਰ ਕੇ ਦੀਪੋ ਦੇ ਪਿਛੇ ਉਸਦੇ ਘਰ ਚਲੀਆਂ ਗਈਆਂ। ਉਨ੍ਹਾਂ ਨੇ ਉਸ ਦੀ ਬਹਾਦਰੀ ਦੀ ਦਾਦ ਦਿਤੀ। ਚੰਗੇ ਸ਼ਬਦਾਂ ਵਿਚ ਉਪਮਾ ਕਰਦੀਆਂ ਰਹੀਆਂ।

... ਉਸੇ ਰਾਤ ਨਾਸਰ ਅਲੀ ਅਪਣੇ ਬੰਦਿਆਂ ਨੂੰ ਨਾਲ ਲੈ ਕੇ ਵਾਪਸ ਆਪਣੇ ਕੰਜਰ ਚਲਿਆ ਗਿਆ।

ਪਿੰਡ ਦੇ ਪੱਗ ਬੰਨ੍ਹ ਮਰਦ ਘਬਰਾ ਗਏ ਕਿ ਨਾਸਰ ਅਲੀ ਅਗਲੇ ਦਿਨ ਕਰ ਬਹੁਤ ਫੌਜ ਲੈ ਕੇ ਪਿੰਡ ਤੇ ਹੱਲਾ ਨਾ ਬੋਲ ਦੇਵੇ। ਦੀਪੋ ਬੇਸ਼ਕ ਬਹਾਦਰ ਸੀ, ਪਰ ਉਸ ਦੇ ਬਦਲੇ ਉਨ੍ਹਾਂ ਨੂੰ ਪਿੰਡ ਦੇ ਉਜਾੜੇ ਦਾ ਭੈ ਸੀ।

੯.

ਕੁਦਰਤ ਦੇ ਪਸਾਰੇ ਦਾ ਭੇਤ ਪਾਉਣਾ ਸੌਖਾ ਨਹੀਂ। ਦਿਲ ਤੇ ਦਿਮਾਗ ਦੀ ਖੋਜ ਕਰਨ ਵਾਲੇ ਵਿਗਿਆਨੀ ਦਸਦੇ ਹਨ ਕਿ ਕੁਦਰਤ ਨੇ ਨਾ ਕਿਸੇ ਨੂੰ ਪੂਰਾ ਚੰਗਾ ਬਣਾਇਆ ਹੈ ਤੇ ਨਾ ਪੂਰਾ ਮਾੜਾ। ਸ਼ੈਤਾਨ ਦੇ ਦਿਲ ਵਿਚ ਵੀ ਕਿਸੇ ਵਲੋਂ ਰਹਿਮ ਆ ਸਕਦਾ ਹੈ। ਉਹ ਵੀ ਕੋਈ ਨੇਕ ਕੰਮ ਕਰ ਸਕਦਾ ਹੈ। ਨਾਦਰ ਸ਼ਾਹ ਨੇ ਕਦੀ ਅੱਖੋਂ ਅਥਰੂ ਨਹੀਂ ਸੀ ਕੇਰਿਆ, ਉਸ ਦਾ ਦਿਲ ਪਥਰ ਸੀ। ਉਹ ਆਪਣੇ ਦੁਸ਼ਮਨ ਨੂੰ ਕਦੇ ਨਹੀਂ ਸੀ ਦਸਦਾ ਕਿ ਕਿਉਂ ਉਸ ਨੂੰ ਮਾਰ ਰਿਹਾ ਹੈ। ਬਸ ਏਹੋ ਆਖਦਾ-ਕਤਲ, ਪਰ ਜਦੋਂ ਉਸਦੇ ਪੁਤਰ ਹੈ ਬਾਗੀਆਂ ਨੂੰ ਗੋਲੀ ਮਾਰ ਕੇ ਉਸ ਦੀਆਂ ਅਖਾਂ ਦੇ ਸਾਹਮਣੇ ਹੀ ਮਾਰ ਦਿਤਾ ਤਾਂ ਉਹ ਫੁਟ ੨ ਕੇ ਰੋਇਆ। ਐਸਾ ਰੋਇਆ ਕਿ ਦੋ ਵਾਰ ਗਸ਼ ਖਾ ਕੇ ਪੁਤਰ ਦੀ ਕਬਰ ਉਤੇ ਡਿਗ ਪਿਆ। ਮਹਾਨ ਸਿਕੰਦਰ ਦੇ ਉਸਤਾਦ ਨੇ ਕਿਹਾ ਸੀ-'ਬੇਟਾ! ਔਰਤ ਦੇ ਪਿਆਰ ਵਿਚ ਪਾਗਲ ਨਾ ਹੋਈਂ। ਕਿਉਂਕਿ ਮਰਦ ਔਰਤ ਦੀ ਬਹਾਦਰੀ, ਸੁੰਦਰਤਾ ਤੇ ਜਵਾਨੀ ਜਾਂ ਉਸਦੀ ਸੁਰੀਲੀ ਆਵਾਜ਼ ਤੇ ਭੁਲ ਕੇ ਆਪਣੇ ਜੀਵਨ ਨਿਸ਼ਾਨੇ ਤੋਂ ਚੁਕ ਜਾਂਦਾ ਹੈ।' ਵਿਸ਼ਵਾ ਮਿਤਰ ਨੇ ਦਸ ਹਜ਼ਾਰ ਸਾਲ ਤਪਸਿਆ ਕੀਤੀ। ਪਰ ਜਿਉਂ ਹੀ ਮੇਨਕਾ ਦੇ ਰੂਪ ਨੂੰ ਵੇਖਿਆ ਤਾਂ ਤਪਸਿਆ ਦਾ ਫਲ ਗੁਆ ਬੈਠਾ। ਮੇਨਕਾ ਦੇ ਪਿਛੇ ਲਗ ਤੁਰਿਆ।

ਨਾਸਰ ਅਲੀ ਬੁਰਾ ਸੀ। ਅੰਨ੍ਹੀ ਜਵਾਨੀ, ਰਾਜਸੀ ਬਲ, ਦੌਲਤ ਦਾ ਨਸ਼ਾ, ਖੁਲੀ ਖੁਰਾਕ ਤੇ ਆਜ਼ਾਦੀ ਨੇ ਉਸਨੂੰ ਐਸ਼ ਪ੍ਰਸਤ ਬਣਾ ਦਿਤਾ ਸੀ। ਐਸ਼ ਦੇ ਅਰਥ ਉਸ ਯੁਗ ਵਿਚ ਹੁੰਦੇ ਸਨ-ਸ਼ਰਾਬ ਪੀਣੀ, ਮਾਸ ਖਾਣਾ ਤੇ ਔਰਤ ਦਾ ਜੀਵਨ ਨਸ਼ਟ ਕਰਨਾ? ਹੋਰ ਜੀਵਨ ਦਾ ਕੋਈ ਸ਼ੌਕ

ਨਹੀਂ ਸੀ ਹੁੰਦਾ, ਨਾਸਰ ਕੋਲ ਇਹੋ ਗੁਣ ਸੀ । ਉਹ ਥਾਣੇਦਾਰ ਮੁਕਰਰ ਹੋ ਗਿਆ । ਉਸ ਦਾ ਰਾਜਸੀ ਫਰਜ਼ ਤਾਂ ਸੀ ਇਲਾਕੇ ਵਿਚ ਅਮਨ ਰਖਣਾ, ਬੁਰੇ ਬੰਦਿਆਂ ਕੋਲੋਂ ਪਰਜਾ ਨੂੰ ਬਚਾਉਣਾ, ਪਰਜਾ ਦੀ ਜ਼ਿੰਦਗੀ ਇਜ਼ਤ ਤੇ ਦੌਲਤ ਦੀ ਰਾਖੀ ਕਰਨੀ । ਪਰ ਉਹ ਖੁਦ ਲੁਟੇਰਾ ਬਣ ਗਿਆ ਸੀ । ਜਸੂ ਮਾਤ੍ਰਾ ਸੀ ਉਸ ਨੇ ਉਹੀ ਸ਼ਿਕਾਇਤ ਕੀਤੀ ਤੇ ਦੀਪੋ ਦਾ ਹੁਸਨ ਦਸਿਆ ਤਾਂ ਚੜ੍ਹਾਈ ਕਰਕੇ ਤਲਵਲ ਆ ਗਿਆ ।

ਸਤਿਗੁਰੂ ਜੀ ਦੀ ਬਚੀ ਨੇ ਨੇਕੀ, ਧਾਰਮਿਕ ਸ਼ਕਤੀ ਅਤੇ ਮਨ ਦੀ ਅਡੋਲਤਾ ਤੇ ਸਤਿਗੁਰੂ ਜੀ ਦੇ ਭਰੋਸੇ ਤੇ ਉਸ ਦੀ ਆਕੜ ਭੰਨੀ । ਲੋਕਾਂ ਵਿਚ ਉਸ ਦੀ ਤਲਵਾਰ ਉਸ ਦੇ ਹਥੋਂ ਖੋਹ ਲਿਆ । ਉਸਨੂੰ ਖਿਮਾਂ ਮੰਗਣ ਲਈ ਮਜਬੂਰ ਕੀਤਾ । ਇਹ ਉਸ ਲਈ ਪਹਿਲੀ ਜੀਵਨ ਘਟਨਾ ਸੀ । ਸ਼ਰਮ ਦਾ ਦਬਾਇਆ ਹੋਇਆ ਉਹ ਰਾਤ ਦੇ ਹਨੇਰੇ ਵਿਚ ਪਿੰਡੋਂ ਚਲਿਆ ਗਿਆ । ਆਪਣੇ ਅਡ ਉਤੇ ਪਜਾ, ਅੰਗ ਅੰਗ ਟੁਟਦਾ ਸੀ । ਦੋ ਜ਼ਖਮ ਠੰਢੇ ਹੋ ਕੇ ਪੀੜ ਕਰਨ ਲਗੇ । ਉਹਨੇ ਸਭ ਤੋਂ ਪਹਿਲਾ ਸ਼ਰਾਬ ਪੀਤੀ । ਫਿਰ ਜਰਾਹ ਨੂੰ ਸਦ ਕੇ ਜ਼ਖਮਾਂ ਉਤੇ ਮਲ੍ਹਮ ਪਟੀ ਕਰਵਾਈ ਤੇ ਬਿਨਾਂ ਕੁਝ ਖਾਧੇ ਦੇ ਲੇਟ ਗਿਆ । ਉਸ ਦੀਆਂ ਅੱਖੀਂ ਅੱਗੇ ਦੀਪੋ ਦਾ ਚਿਤਰ ਸੀ । ਸ਼ੇਰਨੀ ਵਾਂਗ ਉਛਲ ਉਛਲ ਕੇ ਤਲਵਾਰ ਦੇ ਵਾਰ ਕਰਦੀ-ਲੌਹੜੇ ਦੀ ਜਵਾਨ ਤੇ ਸੁੰਦਰ-ਉਹ ਚੰਗੀ ਤਰ੍ਹਾਂ ਟਿਕ ਨਾ ਸਕਿਆ ।

ਸਵੇਰ ਹੋਈ ਉਸ ਦੇ ਸਾਥੀ ਆਏ । ਇਕ ਨੇ ਕਿਹਾ:—

'ਸਰਕਾਰ ! ਬਹੁਤੀ ਫੌਜ ਲਿਜਾ ਕੇ ਉਸ ਔਰਤ ਨੂੰ ਗ੍ਰਿਫਤਾਰ ਕਰਕੇ ਜਲੰਧਰ ਭੇਜ ਦਿਤਾ ਜਾਏ । ਉਹ ਸਕਦਾ ਏ ਹਿੰਦੂ ਬਗਾਵਤ ਕਰ ਦੇਣਾ ਤੁਸਾਂ ਨਾਲ ਮੁਕਾਬਲਾ ਕਰਨ ਦਾ ਮਤਲਬ ਸਰਕਾਰ ਨਾਲ ਮੁਕਾਬਲਾ ਏ । ਬਗਾਵਤ ਏ ।'

ਨਾਸਰ ਅਲੀ ਚੁਪ ਰਿਹਾ ।

'ਕਿੰਨੀ ਹੈਰਾਨੀ ਦੀ ਗਲ ਏ—ਮੁਗਲਾਂ ਅੱਗੇ ਕੋਈ ਹੱਥ ਚੁਕੇ !'

ਨਾਸਰ ਕੁਝ ਸੋਚਦਾ ਸੀ। ਉਸ ਨੇ ਬਹੁਤ ਸਾਰੀਆਂ ਗਲਾਂ ਸੁਣਨ ਪਿਛੋਂ ਕਿਹਾ:—

'ਅਲਾ ਪਾਕ ਦੀ ਅਜ਼ਮਤ ਦਾ ਇਕ ਅਸਚਰਜ ਕ੍ਰਿਸ਼ਮਾ ਏ। ਇਕ ਔਰਤ ਨੂੰ ਜਿਥੇ ਜੋਬਨ ਤੇ ਹੁਸਨ ਦਿਤਾ ਏ ਉਥੇ ਸ਼ਕਤੀ ਵੀ ਮਰਦਾਂ ਵਾਂਗ ਦਿਤੀ ਏ। ਮੈਂ ਉਸਨੂੰ ਗ੍ਰਿਫਤਾਰ ਨਹੀਂ ਕਰਨਾ-ਮੈ ਉਸਦੇ ਪਿੰਡ ਨੂੰ ਨਹੀਂ ਉਜਾੜਨਾ। ਉਸ ਨੂੰ ਜਿਤਣਾ ਏ। ਉਸ ਨੂੰ ਹਾਸਲ ਕਰਨਾ ਏ। ਮੈਨੂੰ ਉਸ ਨਾਲ ਇਸ਼ਕ ਹੋ ਗਿਆ ਏ। ਜੇ ਅਲਾ ਮੈਨੂੰ ਮਾਰਣਾ ਵੀ ਚਾਹੇ ਤਾਂ ਉਸੇ ਦੀ ਤਲਵਾਰ ਨਾਲ ਮਰਵਾਏ। ਉਸ ਦੀ ਤਲਵਾਰ ਨਾਲੋਂ ਉਸ ਦੇ ਨੈਣਾਂ ਦੇ ਤੀਰਾਂ ਨੇ ਮੈਨੂੰ ਬਹੁਤ ਘਾਇਲ ਕੀਤਾ ਏ। ਦਲੇਰੀ..... ਆਹ ਇਕ ਜਵਾਂ ਮਰਦ ਨਾਲੋਂ ਬਹੁਤੀ ਦਲੇਰੀ। ਔਰਤ ਧਰਤੀ ਦੀ ਔਰਤ ਨਹੀਂ। ਉਹ ਬਹਿਸ਼ਤ ਦੀ ਹੂਰ ਏ ਹੂਰ! ਕੋਹ ਕਾਫ ਦੀ ਪਰੀ-ਹੁਸਨ ਬਾਨੋ ਮੈਂ ਆਖਦਾ ਆਂ.......ਬਸ ਅਨਾਰਕਲੀ ਤੋਂ ਸ਼ਾਹ ਜਹਾਨ ਦੀ ਬੇਗਮ ਮੁਮਤਾਜ ਵੀ ਇਸ ਦੇ ਅਗੇ ਝੁਕ ਜਾਂਦੀਆਂ ਹਨ। ਹੁਸਨ ਤੇ ਜਵਾਨੀ ਦੀ ਮਲਕਾ।

ਨਾਸਰ ਇਸ ਤਰਾਂ ਪਾਗਲਾਂ ਵਾਂਗ ਬੋਲਦਾ ਰਿਹਾ। ਉਹ ਆਪਾ ਭੁਲ ਗਿਆ। ਉਹ ਹਾਰ ਨੂੰ ਪੀ ਗਿਆ। ਜ਼ਖਮਾਂ ਦੀ ਪੀੜ ਉਸ ਨੂੰ ਦੁਖੀ ਨਹੀ ਸੀ ਕਰਦੀ। ਉਹ ਉਸ ਚੰਦ ਨੂੰ ਹਥ ਪਉਣ ਦਾ ਕੁਝ ਯਤਨ ਕਰ ਰਿਹਾ ਸੀ, ਜਿਹੜਾ ਸਿਖੀ ਮੰਡਲ ਦੇ ਉਚੇ ਅਰਸ਼ਾਂ ਉਤੇ ਚਮਕ ਰਿਹਾ ਸੀ।

'ਸਰਕਾਰ! ਤੁਸੀਂ ਤਾਂ ਉਸ ਦੀ ਤਾਰੀਫ ਕਰੀ ਜਾ ਰਹੇ ਓ ਪਰ ਉਹ ਤਾਂ ਕਾਫਰ ਦੀ ਲੜਕੀ। ਇਸਲਾਮ ਦੀ ਤੂ ਅਨੁਸਾਰ ਕਾਫਰ ਦੀ ਤਾਰੀਫ ਕਰਨੀ ਗੁਨਾਹ ਏ। ਅਲਾ ਤਾਲਾ ਦੀ ਨਿਰਾਦਰੀ ਦਾ ਕਾਰਨ ਏ।'

'ਕਾਫਰ! ਨਹੀਂ ਕੋਈ ਕਾਫਰ ਨਹੀਂ। ਉਸਨੂੰ ਵਾ ਤਾਂ ਅੱਲਾ

ਨੇ ਜਨਮ ਦਿਤਾ ਏ ।' ਨਾਸਰ ਇਸਲਾਮੀ ਸ਼ਰ੍ਹਾ ਦੇ ਤੁਅਸਬੀ ਪਨ ਨੂੰ ਭੁਲ ਗਿਆ । ਇਸ਼ਕ ਨੇ ਉਸਨੂੰ ਮਜ਼ਹਬ ਦੀ ਤੰਗਨੇ ਤੋਂ ਰਤਾ ਪਰੇ ਕੀਤਾ ।

'ਸਰਕਾਰ !'

'ਕਿਉਂ ?'

'ਤੁਸੀਂ ਭੁਲ ਕਰ ਰਹੇ ਓ । ਇਕ ਔਰਤ ਦੇ ਇਸ਼ਕ ਵਿਚ ਪਾਗਲ ਹੋ ਕੇ । ਜੇ ਕਾਜ਼ੀ ਨੂੰ ਪਤਾ ਲਗ ਗਿਆ ਤਾਂ ।'

'ਤਾਂ ਕੀ ?'

'ਉਹ ਫਤਵਾ ਦੇ ਦੇਵੇਗਾ ਕਿ ਤੁਸੀਂ ਸ਼ਰ੍ਹਾ ਦੇ ਉਲਟ ਚਲ ਰਹੇ ਓ ! ਸ਼ਹਿਨਸ਼ਾਹ ਔਰੰਗਜ਼ੇਬ ਦੀ ਬਾਦਸ਼ਾਹੀ ਵਿਚ ਮੁਸਲਮਾਨ ਸ਼ਰ੍ਹਾ ਵਿਰੁਧ ਕੋਈ ਗਲ ਨਹੀਂ ਕਰ ਸਕਦਾ । ਤੁਸਾਂ ਨੂੰ ਪਤਾ ਨਹੀਂ ਸੂਫੀ ਫਕੀਰ ਸਰਮਦ ਸ਼ਾਹ ਨੇ ਆਪ ਹੱਥੀਂ ਕਤਲ ਕੀਤਾ । ਫਿਰ ਔਰਤ ! ਔਰਤ ਤੇ ਔਰਤ ਦਾ ਇਸ਼ਕ, ਨਾਚ, ਰਾਗ ਰੰਗ ਤੇ ਸ਼ਰਾਬ ਸਭ ਨੂੰ ਬਾਦਸ਼ਾਹ ਸਲਾਮਤ ਬੁਰਾ ਸਮਝਦੇ ਹਨ । ਉਹ ਪਾਕ ਦਾਮਨ ਰਹਿਣਾ ਚਾਹੁੰਦੇ ਹਨ । ਉਨ੍ਹਾਂ ਦੀ ਅਪਣੀ ਲੜਕੀ ਜ਼ੇਬਲ ਨਿਸ਼ਾ ਇਸ਼ਕ ਦੀ ਅੱਗ ਨਾਲ ਸੜ ਰਹੀ ਏ । ਓਹ ਉਸ ਦੀ ਸ਼ਾਦੀ ਨਹੀਂ ਕਰਦਾ । ਕੋਇਲ ਵਾਂਗ ਕੂਕ ਕੂਕ ਕੇ ਜਵਾਨੀ ਨੂੰ ਗਾਲ ਰਹੀ ਏ । ਕਾਜ਼ੀਆਂ ਤੇ ਮੌਲਵੀਆਂ ਦਾ ਜ਼ੋਰ ਏ । ਇਹ ਕਦੀ ਨਾ ਜ਼ਬਾਨੋਂ ਆਖਣਾ-ਸ਼ਰ੍ਹਾ ਦੇ ਪਾਬੰਦ ਰਹੋ । ਕਾਫਰ ਔਰਤ ਨਾਲ ਨਿਕਾਹ ਕਰਕੇ ਉਸਨੂੰ ਇਸਲਾਮ ਵਿਚ ਦਾਖਲ ਕਰਕੇ ਹੀ ਤੁਸੀਂ ਉਸ ਦੀ ਤਾਰੀਫ਼ ਕਰ ਸਕਦੇ ਓ...। ਜਵਾਨੀ ਦੀਵਾਨੀ ਹੁੰਦੀ ਏ ।

ਨਾਸਰ ਅਜੀ ਸੋਚੀ ਪੈ ਗਿਆ । ਉਸ ਦੀਆਂ ਅੱਖਾਂ ਦੇ ਸਾਹਮਣੇ ਲੰਮੀਆਂ ਦਾਹੜੀਆਂ ਤੇ ਲੰਮੇ ਚੋਗਿਆਂ ਵਾਲੇ ਮੌਲਵੀਆਂ ਤੇ ਕਾਜ਼ੀਆਂ ਦੇ ਪਰਛਾਵੇਂ ਆਏ । ਉਨ੍ਹਾਂ ਦੀਆਂ ਬਗਲਾਂ ਵਿਚ ਕੁਰਾਨ ਦੀਆਂ ਕਾਪੀਆਂ ਸਨ ਤੇ ਉਸ ਵਲ ਘੂਰਦੇ ਪ੍ਰਤੀਤ ਹੁੰਦੇ ਸਨ ।

'ਕਾਜ਼ੀ ਤੇ ਮੁਲਾਂ !' ਨਾਸਰ ਨੇ ਦੁਲ੍ਹ ਬੋਲ ।

'ਹਾਂ ਸਰਕਾਰ! ਮੁਗਲ ਬਾਦਸ਼ਾਹੀ ਨੂੰ ਅਸਲ ਇਹੋ ਹੀ ਚਲਾ ਰਹੇ ਹਨ। ਇਨ੍ਹਾਂ ਕੋਲੋਂ ਤਾਂ ਬਾਦਸ਼ਾਹ ਸਲਾਮਤ ਵੀ ਡਰਦੇ ਹਨ।'

'ਇਸ ਦਾ ਮਤਲਬ ਕਿ ਕੋਈ ਕੋਈ ਮੁਸਲਮਾਨ ਕਿਸੇ ਗੈਰ ਮੁਸਲਮਾਨ ਦੀ ਵਡਿਆਈ ਨਹੀਂ ਕਰ ਸਕਦਾ। ਉਸ ਦੀ ਮਦਦ ਨਹੀਂ ਕਰ ਸਕਦਾ!'

'ਬਿਲਕੁਲ ਨਹੀਂ। ਸਗੋਂ ਹੁਕਮ ਏ ਕਿ ਗੈਰ ਮੁਸਲਮਾਨ ਨੂੰ ਐਨਾ ਤੰਗ ਕਰੋ ਕਿ ਉਹ ਅੱਕ ਕੇ ਤੇ ਡਰ ਕੇ ਇਸਲਾਮ ਵਿਚ ਦਾਖਲ ਹੋ ਜਾਣ। ਫੌਜ ਜਲੰਧਰੋਂ ਸਦ ਕੇ ਤਲਵਨ ਦੀ ਇੱਟ ਨਾਲ ਇੱਟ ਖੜਕਾ ਦਿਓ ਸਾਰੇ ਲੋਕਾਂ ਨੂੰ ਕਲਮਾ ਪੜ੍ਹਾਉ—ਜਿਹੜਾ ਕਲਮਾ ਨਾ ਪੜ੍ਹੇ ਉਸ ਨੂੰ ਕਤਲ ਕਰੋ। ਇਹੋ ਬਾਦਸ਼ਾਹੀ ਦਾ ਹੁਕਮ ਏ।'

ਨਾਸਰ ਅਲੀ ਇਹ ਕੁਝ ਸੁਣ ਕੇ ਘਾਬਰ ਗਿਆ। ਉਸ ਦੀਆਂ ਅੱਖਾਂ ਅਗੇ ਦੀਪੋ ਦੀ ਤਲਵਾਰ ਸੀ। ਉਸ ਦੀ ਲੜਾਈ ਦੀ ਝਾਕੀ ਸੀ। ਦੂਜੇ ਪਾਸ ਕਾਜ਼ੀ ਤੇ ਮੁਲਾਂ ਘੂਰਦੇ ਹੋਏ ਨਜ਼ਰ ਆਉਂਦੇ ਸਨ। ਉਹ ਸੋਚਦਾ ਸੀ, 'ਦੀਪੋ ਨੂੰ ਫੜਨਾ-ਉਸ ਨੂੰ ਕਤਲ ਕਰ ਦੇਣਾ ਕੋਈ ਔਖਾ ਨਹੀਂ। ਮੁਗਲ ਫੌਜ ਦੀ ਗਿਣਤੀ ਕਈ ਲਖ ਏ। ਔਰੰਗਜ਼ੇਬ ਦੀ ਬਾਦਸ਼ਾਹੀ ਰਾਸਕੁਮਾਰੀ ਤੋਂ ਕੰਧਾਰ ਤਕ ਏ—ਦੀਪੋ ਇਕੱਲੀ ਜਿੰਦੜੀ—ਇਕ ਕਿਸਾਨ ਦੀ ਬੀਵੀ-ਉਹ ਸ਼ਾਹੀ ਲਸ਼ਕਰ ਨਾਲ ਟਕਰ ਨਹੀਂ ਲੈ ਸਕਦੀ ਪਰ...ਉਹ ਮਰ ਜਏਗੀ...ਨਹੀਂ...।'

ਉਸ ਨੇ ਪ੍ਰਗਟ ਤੌਰ ਤੇ ਅਪਣੇ ਸਾਥੀ ਨੂੰ ਕਿਹਾ:—

'ਹੁਣ ਮੈਨੂੰ ਆਰਾਮ ਕਰਨ ਦਿਤਾ ਜਾਏ ਮੇਰੇ ਦਿਲ ਦਿਮਾਗ ਤੇ ਭਾਰ ਏ। ਮੇਰੇ ਅੰਗ ਨਹੀਂ ਹਿਲਦੇ, ਜਾਓ, ਮੈਂ ਫਿਰ ਸੋਚਾਂਗਾ, ਮੈਨੂੰ ਇਕੱਲੇ ਨੂੰ ਰਹਿਣ ਦਿਓ।'

ਉਸ ਦਾ ਸਾਥੀ ਚਲਿਆ ਗਿਆ।

ਨਾਸਰ ਅਲੀ ਇਕੱਲਾ ਰਹਿ ਗਿਆ।

੧੦.

ਔਰੰਗਜ਼ੇਬ ਦੇ ਸਮੇਂ ਹਿੰਦੂਆਂ ਦੀ ਦਸ਼ਾ ਤਰਸ ਯੋਗ ਸੀ। ਇਹ ਪੂਰਨ ਤੌਰ ਤੇ ਦਬਾਏ ਹੋਏ ਸਨ। ਗਿਣਤੀ ਇਨ੍ਹਾਂ ਦੀ ਬਹੁਤ ਸੀ। ਪਰ ਫੁਟ ਦੇ ਕਾਰਣ ਨਿਰਬਲ ਤੇ ਨਿੱਸੇ ਹੋ ਚੁਕੇ ਸਨ। ਅਰਜਨ, ਭੀਮ, ਕ੍ਰਿਸ਼ਨ ਤੇ ਰਾਮ ਦੀ ਸ਼ਕਤੀ ਇਨ੍ਹਾਂ ਵਿਚ ਨਹੀਂ ਸੀ ਰਹੀ। 'ਬੁਤ ਪੂਜ-ਪੂਜ ਹਿੰਦੂ ਮੂਏ' ਵਾਲੀ ਗਲ ਸੀ। ਇਹ ਆਪਣੀ ਜਿਤ ਨੂੰ ਵੀ ਹਾਰ ਸਮਝਦੇ ਸਨ। ਦੀਪੋ ਨੇ ਨਾਸਰ ਅਲੀ ਨੂੰ ਹਾਰ ਦਿਤੀ। ਉਸਨੇ ਜ਼ੁਲਮ ਦੇ ਵਿਰੁਧ ਸੰਗਰਾਮ ਕੀਤਾ। ਉਸ ਸੰਗਰਾਮ ਵਿਚ ਉਸਨੂੰ ਜਿਤ ਪ੍ਰਾਪਤ ਹੋਈ, ਪਰ ਪਿੰਡ ਵਾਲ ਘਾਬਰ ਗਏ। ਚੌਧਰੀ ਨੂੰ ਤਾਂ ਤਾਪ ਚੜ੍ਹ ਗਿਆ। ਰਾਤ ਰਾਤ ਸੋਚਣ ਲਗ ਪਏ ਕਿ ਘਰ ਛਡ ਜਾਣ ਦਿਨ ਚੜ੍ਹਦੇ ਨੂੰ ਪਤਾ ਨਹੀਂ ਕੀ ਫਤੂਰ ਪਵੇ। ਮੁਗਲ ਹਾਕਮ ਨਾਸਰ ਅਲੀ ਜ਼ਰੂਰ ਬਦਲਾ ਲਵੇਗਾ। ਸਾਰਾ ਪਿੰਡ ਸਾੜ ਦਿਤਾ ਜਾਇਗਾ ਤੇ ਨੂੰਹਾਂ ਧੀਆਂ ਦੀ ਇਜ਼ੱਤ ਖਤਰੇ ਵਿਚ ਪਵੇਗੀ।

ਕੁਝ ਪੱਗ ਬੰਨ੍ਹ ਮੁਖੀਏ ਦੀਪੋ ਦੇ ਘਰ ਆਏ। ਉਸ ਦੇ ਸਹੁਰੇ ਤੇ ਪਤੀ ਤੇਜ ਰਾਮ ਨੂੰ ਬਿਠਾ ਕੇ ਆਖਣ ਲਗ—'ਦੀਪੋ ਨੇ ਜੋ ਕੁਝ ਕੀਤਾ ਏ, ਮਾੜਾ ਕੀਤਾ। ਹਾਕਮ ਦੇ ਸਾਹਮਣੇ ਇਸ ਨੂੰ ਤਲਵਾਰ ਨਹੀਂ ਸੀ ਫੜਨੀ ਚਾਹੀਦੀ। ਇਕ ਜ਼ਨਾਨੀ ਮਰਦਾਂ ਦ ਝਗੜਿਆਂ ਵਿਚ ਦਖਲ ਕਿਉਂ ਦੇਵੇ। ਹੁਣ ਪਤਾ ਨਹੀਂ ਸਵੇਰੇ ਕੀ ਬਣੇ।'

ਤੇਜ ਰਾਮ ਪੁਛਿਆ—'ਜੋ ਹੋਣਾ ਸੀ, ਸੋ ਹੋ ਗਿਆ। ਪਰ ਹੁਣ ਕੀ ਕਰਨਾ ਚਾਹੀਦਾ ਏ ?'

ਇਕ ਮੁਖੀਆ-'ਇਹੋ ਤਾਂ ਸੋਚਣ ਆਏ ਹਾਂ, ਸਵੇਰੇ ਮੁਗਲਾਂ ਦੀ

ਧਾੜ ਆ ਗਈ ਤਾਂ ਕੀ ਬਣੇਗਾ ?'

ਤੇਜ ਰਾਮ-ਦਸੋ ਕੀ ਆਖਦੇ ਓ।

ਮੁਖੀਆ-ਅਸੀਂ ਆਖਦ ਆਂ, ਹੁਣੇ ਹਾਕਮ ਕੋਲ ਪੁਜਿਆ ਜਾਏ, ਉਸ ਕੋਲੋਂ ਮੁਆਫੀ ਮੰਗੀ ਜਾਏ।'

ਤੇਜ ਰਾਮ:'ਹੋਰ।'

ਮੁਖੀਆ 'ਚੌਧਰੀ ਦਾ ਖਿਆਲ ਏ ਕਿ ਤੂੰ ਤੇ ਦੀਪੋ ਅੱਠ ਦਸ ਦਿਨ ਵਾਸਤੇ ਪਿੰਡੋਂ ਪਸੇ ਹੋ ਜਾਓ।'

ਇਹ ਸ਼ਬਦ ਦੀਪੋ ਨੇ ਵੀ ਸੁਣ ਲਏ। ਪਰ ਉਹ ਬੋਲੀ ਕੁਝ ਨਾ। ਉਸਨੂੰ ਗੁਸਾ ਬਹੁਤ ਲਗਾ ਕਿ ਉਹ ਡਰ ਕੇ ਪਿੰਡ ਛਡ ਜਾਏ।

ਤੇਜ ਰਾਮ ਚੁਪ ਰਿਹਾ ਪਰ ਉਸਦਾ ਪਿਤਾ ਬੋਲਿਆ 'ਭਰਾਓ! ਮੈਂ ਤਾਂ ਆਪ ਉਸ ਵੇਲੇ ਦਾ ਘਬਰਾਇਆ ਹੋਇਆ ਆਂ! ਸੁਖ ਨਾਲ ਰੋਟੀ ਖਾਂਦੇ ਸਾਂ। ਹਾਕਮਾਂ ਨਾਲ ਕਦੀ ਉਨੀ ਇਕੀ ਨਹੀਂ ਸੀ ਕੀਤੀ। ਇਹ ਨੂੰਹ ਅਸਾਡੀ ਤਾਂ ਇਉਂ ਪ੍ਰਤੀਤ ਹੁੰਦਾ ਏ, ਹੋਣੀ ਬਣ ਕੇ ਆਈ ਏ ਅਸਾਡੇ ਕੋਲੋਂ ਕਿਸੇ ਜਨਮ ਦਾ ਬਦਲਾ ਲੈਣ ਵਾਸਤੇ। ਮੇਰੀਆਂ ਤਾਂ ਅੱਖਾਂ ਅਗੇ ਹਨੇਰਾ ਛਾ ਗਿਹਾ ਏ। ਪਤਾ ਨਹੀਂ ਕੀ ਬਣੇ। ਅਸੀ ਤਾਂ ਪਿਓ ਪੁਤ ਜ਼ਰੂਰ ਕਤਲ ਕੀਤੇ ਜਾਵਾਂਗੇ। ਹਾਕਮ ਕਦੀ ਨਹੀਂ ਟਲਨ ਲਗਾ। ਮੈਂ ਤਾਂ ਆਖਦਾ ਹਾਂ ਕੋਈ ਚਾਰਾ ਕਰੋ। ਉਤੋਂ ਫਸਲ ਬੀਜਣ ਦੇ ਦਿਨ ਹਨ। ਕਿਤੇ ਵਾਹਣ ਹੀ ਨਾ ਖਾਲੀ ਪਏ ਹਹਿਣ। ਜੇ ਅਜ ਧਰਤੀ ਵਿਚ ਕੋਈ ਦਾਣਾ ਨਾ ਡਿਗਾ ਤਾਂ ਹਾੜੀ ਨੂੰ ਵਢਿਆ ਕੀ ਜਾਏਗਾ।

ਗੁਲਾਮੀ ਨੇ ਅਣਖ ਮਾਰ ਦਿਤੀ ਸੀ। ਲੋਕ ਤੁਰਦੀਆਂ ਫਿਰਦੀਆਂ ਲੋਥਾਂ ਸਨ ਜ਼ੁਲਮ ਦੇ ਵਿਰੁਧ ਆਵਾਜ਼ ਉਠਾਉਣ ਤੋਂ ਅਸਮਰਥ ਸਨ। ਜ਼ੁਲਮ ਤੇ ਗੁਲਾਮੀ ਅਗੇ ਸਿਰ ਝੁਕਾਈ ਰਖਦੇ ਸਨ। ਦੀਪੋ ਨੇ ਸਭ ਕੁਝ ਸੁਣਿਆ। ਆਪਣੇ ਸਹੁਰੇ ਕੋਲੋਂ ਆਪਣੇ ਵਿਰੁਧ ਕਰੜੇ ਸ਼ਬਦ ਸੁਣ ਕੇ ਉਸ ਨੂੰ ਬਹੁਤ ਦੁਖ ਹੋਇਆ ਨੇਕੀ ਦਾ ਬਦਲਾ ਉਸਨੂੰ ਉਲਟਾ ਮਿਲਿਆ। ਜੇ ਉਹ ਦਖਲ ਨਾ ਦਿੰਦੀ ਤਾਂ ਜ਼ਰੂਰ ਪਿਓ ਪੁਤਾਂ ਨੂੰ ਕੁਟ ਕੁਟ ਕੇ ਦੁੰਬਾ

ਬਣਾਇਆ ਜਾਣਾ ਸੀ ਉਸ ਦੇ ਬੁਲ੍ਹ ਫਰਕਦੇ ਰਹੇ ਪਰ ਆਵਾਜ਼ ਮੂੰਹੋਂ ਨਾ ਨਿਕਲੀ।

ਮੁਖੀਆ ਬੋਲਿਆ 'ਘਸੀਟਾ (ਦੀਪੋ ਦੇ ਸਹੁਰੇ ਦਾ ਨਾਮ ਸੀ) ਜੋ ਹੋਇਆ ਸੋ ਹੋਇਆ, ਅਗੇ ਲਈ ਤਾਂ ਸੋਚਣਾ ਏ। ਸਵੇਰੇ ਦਿਨ ਚੜ੍ਹਦੇ ਨੂੰ ਚਲੀਏ ਤੇ ਨੂੰਹ ਪੁਤ ਨੂੰ ਘਰੋਂ ਬਾਹਰ ਤੜਕੇ ਹੀ ਕਰ ਦੇ। ਕਿਸੇ ਸਬੰਧੀ ਦੇ ਘਰ ਦਸ ਦਿਨ ਚਲੇ ਜਾਣ। ਬਿਪਤਾ ਟਲ ਜਾਏਗੀ ਤਾਂ ਆ ਰਹਿਣ। ਨੂੰਹ ਨੂੰ ਸਮਝਾ ਦਿਓ, ਸਮਾਂ ਭੈੜਾ ਏ, ਅਗੋਂ ਨੂੰ ਕਿਸੇ ਹਾਕਮ ਦੇ ਗਲ ਨਾ ਪਏ। ਭਾਵੇਂ ਕੁਝ ਵੀ ਏ। ਹੈ ਤਾਂ ਇਕ ਔਰਤ ਈ ਨਾ। ਔਰਤ ਕੀ ਮਰਦਾਂ ਨਾਲ ਮੁਕਾਬਲਾ ਕਰ ਸਕਦੀ ਏ। ਮੁਗਲਾਂ ਕੋਲ ਲਖਾਂ ਦਾ ਲਸ਼ਕਰ। ਉਨ੍ਹਾਂ ਦੀ ਬਾਦਸ਼ਾਹੀ ਹਿੰਦੂ ਕੋਲ ਕੀ ਏ। ਕਿਉਂ ਭਾਈ ਤੇਜ ਰਾਮਾਂ ਠੀਕ ਏ?'

ਤੇਜ ਰਾਮ ਸੋਚੀਂ ਪੈ ਗਿਆ ਸੀ। ਉਹ ਦੀਪੋ ਨੂੰ ਚੰਗੀ ਸਮਝਦਾ ਸੀ। ਦੀਪੋ ਨਾਲ ਉਸਦਾ ਪਿਆਰ ਪੈ ਗਿਆ ਸੀ–ਪਰ ਦੂਸਰੇ ਪਾਸੇ ਮਾਂ ਬਾਪ ਤੇ ਪਿੰਡ ਦਾ ਸਵਾਲ ਸੀ। ਉਸਦੇ ਦਿਲ ਦਿਮਾਗ ਵਿਚ ਅਣਖਾਂ ਦਾ ਜਜ਼ਬਾ ਅਤੇ ਪੂਰੀ ਤਰਾਂ ਰੂਪਮਾਨ ਨਹੀਂ ਸੀ ਹੋਇਆ। ਉਸ ਨੇ ਸਿਰਫ ਕਿਹਾ 'ਕਲ ਵੇਖੀ ਜਾਏਗੀ। ਹੁਣ ਕੁਝ ਨਹੀਂ ਔੜਦਾ। ਜੋ ਆਖੋਗੇ ਤ ਤਾਂ ਮੈਂ...।' ਉਹ ਵਾਕ ਪੂਰਾ ਨਾ ਕਰ ਸਕਿਆ ਉਠ ਬੈਠਾ ਤੇ ਬਾਹਰ ਨੂੰ ਨਿਕਲ ਗਿਆ।

'ਮੁੰਡਾ ਵੀ ਘਬਰਾ ਗਿਆ ਏ।' ਦੀਪੋ ਦੇ ਸੁਹਰੇ ਘਸੀਟੇ ਨੇ ਸੁਖੀਆਂ ਨੂੰ ਕਿਹਾ ਅਛਾ ਰਾਤ ਕਟੋ, ਸਵੇਰੇ ਜਿਵੇਂ ਆਖੋਗੇ ਕਰਾਂਗੇ, ਅਸੀ ਪਿੰਡ ਤੇ ਭਰਾਵਾਂ ਅਗੇ ਨਾਬਰ ਨਹੀਂ।

ਸਾਰੇ ਮੁਖੀਏ ਉਠ ਕੇ ਚਲੇ ਗਏ। ਉਹ ਸਿਧੇ ਚੋਧਰੀ ਦੇ ਘਰ ਗਏ। ਉਹ ਰਾਤ ੨ ਹੀ ਕੋਈ ਚਾਰਾ ਕਰਨਾ ਚਾਹੁੰਦ ਸਨ, ਉਨਾਂ ਦੇ ਦਿਲ ਡਰ ਗਏ ਸੀ।

੧੧.

ਬੀਬੀ ਦੀਪੋ ਨੇ ਸਭ ਕੁਝ ਸੁਣ ਲਿਆ। ਉਸ ਨੂੰ ਮੁਰਦਾ ਕੌਮ ਤੇ ਬਹੁਤ ਕ੍ਰੋਧ ਆਇਆ। ਸਤਿਗੁਰੂ ਜੀ ਦੇ ਬਚਨ ਯਾਦ ਆਏ ਕਿ ਸਾਰੀ ਕੌਮ ਮੁਰਦਾ ਹੋ ਚੁਕੀ ਏ। ਜ਼ੁਲਮ ਅਗੇ ਝੁਕਣਾ ਇਸ ਦੀ ਇਕ ਆਦਤ ਬਣ ਚੁਕੀ ਏ। ਉਹ ਬਿਨਾ ਕੁਝ ਖਾਧੇ ਪੀਤੇ ਦੇ ਆਪਣੇ ਮੰਜੇ ਤੇ ਜਾ ਲੇਟੀ। ਕੋਈ ਸਵਾ ਘੰਟਾ ਤਲਵਾਰ ਚਲਾਉਣ ਨਾਲ ਉਸ ਦਾ ਸਰੀਰ ਥਕ ਗਿਆ ਸੀ। ਉਸ ਦੇ ਦਿਮਾਗ ਵਿਚ ਵੀ ਖਿਆਲਾਂ ਤੂਫ਼ਾਨ ਆ ਗਿਆ। ਆਪਣੀ ਜਿਤ ਤੇ ਉਸਨੂੰ ਖੁਸ਼ੀ ਸੀ। ਪਿੰਡ ਵਾਲਿਆਂ ਦੀ ਕਾਇਰਤਾ ਤੇ ਗੁਸਾ।

ਕਿਨੀ ਰਾਤ ਗਈ ਉਸਦੀ ਅਖ ਲਗ ਗਈ।

ਅਖ ਲਗਣ ਸਾਲ ਹੀ ਉਸਨੂੰ ਇਕ ਸੁਪਨਾ ਆਇਆ—ਉਸਨੇ ਦੇਖਿਆਂ ਕਲਗੀਆਂ ਵਾਲੇ ਉਸਦ ਸਾਹਮਣੇ ਖੜੋਤੇ ਹਨ। ਉਸਦ ਸਿਰ ਉਤੇ ਹਥ ਫੇਰ ਕੇ ਬਚਨ ਕਰ ਰਹੇ ਸੀ 'ਪੁਤਰੀ! ਸ਼ਾਬਾਸ਼!! ਤੂੰ ਆਪਣੀ ਮਾਤਾ ਦੀਆਂ ਝਤੀ ਧਰਾਂ ਦਧ ਦੀਆਂ ਨੂੰ ਸਫਲ ਕੀਤਾ ਏ ਅਕਾਲ ਪੁਰਖ ਤੇਰੇ ਅੰਗ ਸੰਗ ਏ। ਡਰੀ ਨਾ।' ਉਹ ਸੁਪਨੇ ਵਿਚ ਹੀ ਉਠ ਬੈਠੀ। ਉਸ ਨੇ ਸਤਿਗੁਰੂ ਜੀ ਦ ਚਰਨਾਂ ਉਪਰ ਸਿਰ ਰਖ ਦਿਤਾ। ਇਕ ਤਰਲੇ ਨਾਲ ਆਖਿਆ—ਅਨਮਤੀਆਂ ਦੇ ਦਿਲ ਥੋਹੜੇ ਹਨ ਦਾਤਾ! ਇਹ ਮੈਨੂੰ ਦੇਣੀ ਆਖ ਰਹੇ ਨੇ। ਮੈਤ ਆਖ ਰਹੇ ਹਨ।'

'ਪੁਤ੍ਰੀ! ਤੂੰ ਜ਼ਾਲਮਾਂ ਵਾਸਤੇ ਦੇਣੀ। ਧਰਮ ਜੁਧਾਂ ਵਿਚ ਤੂੰ ਹਿਸਾ ਲੈਣਾ ਏ। ਅਸੀਂ ਨਵੀਂ ਫੌਜ ਤਿਆਰ ਕਰ ਰਹੇ ਹਾਂ, ਉਸ

ਵਿਚ ਤੂੰ ਭਰਤੀ ਹੋਣਾ ਏ। ਬਸ ਚੰਡੀ ਦੀ ਵਾਰ ਦਾ ਪਾਠ ਕਰੀ ਜਾਇਆ ਕਰ।

ਇਹ ਬਚਨ ਕਰਕੇ ਅਤੇ ਆਪਣੀ ਧਰਮ ਪੁੱਤਰੀ ਨੂੰ ਗਲ ਨਾਲ ਲਾ ਕੇ ਸਤਿਗੁਰੂ ਜੀ ਦੇ ਸੁਪਨੇ ਵਿਚ ਅਲੋਪ ਹੋ ਗਏ। ਜਦੋਂ ਦਾਤਾ ਅਲੋਪ ਹੋਇਆ ਤਾਂ ਦੀਪੋ ਕੂੰਜ ਵਾਂਗ ਤੜਪੀ। ਉਹ ਨਹੀਂ ਸੀ ਚਾਹੁੰਦੀ ਕਿ ਦਾਤੇ ਦੇ ਚਰਨਾਂ ਕੋਲੋਂ ਦੂਰ ਹੋਏ। ਸਵੇਰੇ ਉਸਨੂੰ ਹੁਕਮ ਹੋਣਾ ਸੀ ਕਿ ਉਹ ਘਰੋਂ ਨਿਕਲ ਜਾਏ। ਪਿੰਡ ਨੂੰ ਖਤਰਾ ਏ।

ਦੀਪੋ ਦੀ ਅੱਖ ਖੁਲ੍ਹ ਗਈ। ਚਾਨਣ ਅਲੋਪ ਸੀ। ਉਸਦੀ ਮੰਜੀ ਦੇ ਚੌਗਿਰਦੇ ਹਨੇਰਾ ਸੀ। ਉਸਦਾ ਪਤੀ ਤੇਜ ਰਾਮ ਆਪਣੀ ਮੰਜੀ ਤੇ ਸੁਤਾ ਸੀ। ਖੁਲ੍ਹੇ ਆਸਮਾਨ ਵਿਚ ਤਾਰੇ ਚਮਕ ਰਹੇ ਸਨ। ਅੱਧੀ ਰਾਤ ਦੇ ਤਾਰੇ। ਸਾਰਾ ਪਿੰਡ ਸੁਤਾ ਸੀ। ਕਦੀ ਕਦੀ ਕੁਤੇ ਦੇ ਭੌਂਕਣ ਦੀ ਆਵਾਜ਼ ਆਉਂਦੀ ਸੀ। ਉਹ ਉਠਕੇ ਬੈਠ ਗਈ, 'ਧਨ ਸਤਿਗੁਰੂ ਮਹਾਰਾਜ!' ਉਸ ਦੀ ਜ਼ਬਾਨੋਂ ਨਿਕਲਿਆ। ਮੰਜੀ ਉਤੇ ਚੌਂਕੜਾ ਮਾਰ ਕੇ ਅਤੇ ਆਪਣੀ ਤਲਵਾਰ ਨੂੰ ~~ਸਾਮਣੇ~~ ਸਰਾਹਣੇ ਹੇਠੋਂ ਬਾਹਰ ਕਢਕੇ ਆਪਣੇ ਅੱਗੇ ਰੱਖ, ਚੰਡੀ ਦਾ ਪਾਠ ਕਰਨ ਲਗ ਪਈ, ਬੁਲ੍ਹਾਂ ਵਿਚ ਪਾਠ ਕਰਦੀ ਰਹੀ ਲਾਗੇ ਸੁਤੇ ਤੇਜ ਰਾਮ ਦੇ ਕੰਨੀ ਵੀ ਪਾਠ ਧੁਨ ਨਾ ਪਈ।

ਚੰਡੀ ਦੀ ਵਾਰ ਦਾ ਪਾਠ ਕਰਦੀ ਕਰਦੀ ਨੂੰ ਕੁਕੜ ਨੇ ਬਾਂਗ ਦੇ ਦਿਤੀ ਪਹਿਲੀ ਬਾਂਗ ਦੇ ਨਾਲ ਹੀ ਕਈਆਂ ਨੇ ਢੱਗਿਆਂ ਦੀਆਂ ਜੋਕਾਂ ਹਿੱਕ ਲਈਆਂ। ਢੱਗਿਆਂ ਦੇ ਗਲ ਪਈਆਂ ਹਮੇਲਾਂ ਦੇ ਘੁੰਘਰੂ ਤੇ ਟਲੀਆਂ ਦੀ ਆਵਾਜ਼ ਨੇ ਸੁਤੇ ਵਾਤਾਵਰਨ ਵਿਚ ਨਿਰਾਲਾ ਹੀ ਰਾਗ ਪੈਦਾ ਕਰ ਦਿਤਾ ਉਹ ਪਾਠ ਕਰਦੀ ਗਈ।

ਦੂਸਰੀ ਕੁਕੜ ਦੀ ਬਾਂਗੇ ਉਸਦੇ ਪਤੀ ਨੂੰ ਉਹਦੇ ਸਹੁਰੇ ਘਸੀਟੇ ਨੇ ਆਵਾਜ਼ ਦਿਤੀ—'ਪੁਤਰ ਤੇਜ ਰਾਮ।'

ਦੀਪੋ ਨੇ ਆਵਾਜ਼ ਸੁਣਕੇ ਤੇਜ ਰਾਮ ਨੂੰ ਜਗਾਇਆ। ਉਸ ਨੂੰ ਕਿਹਾ 'ਜੀ! ਬਾਬੂ ਜੀ ਆਵਾਜ਼ ਮਾਰਦੇ ਹਨ। ਹਲ ਜੋਣ ਦਾ ਵੇਲਾ ਹੋ

ਗਿਆ। ਉਠੋ।'

ਤੇਜ ਰਾਮ ਉਠ ਬੈਠਾ। ਉਸਨੇ ਦੀਪੋ ਨੂੰ ਨਾ ਬੁਲਾਇਆ। ਚੁਪ ਵਟੀ ਹੀ ਲਾੜੇ ਗਲ ਪਾਕੇ ਤੁਰ ਗਿਆ, ਦੀਪੋ ਨੂੰ ਖਾਸ ਹੈਰਾਨੀ ਨਾ ਹੋਈ। ਉਹ ਸਮਝ ਗਈ ਕਿ ਰਾਤ ਦਾ ਗੁਸਾ ਉਸਦੇ ਦਿਲ ਦਿਮਾਗ ਤੋਂ ਨਹੀਂ ਗਿਆ।

ਪੰਜ ਦਿਨ ਲੰਘ ਗਏ। ਪਿੰਡ ਉਤੇ ਕਿਸੇ ਮੁਗਲ ਨੇ ਹਮਲਾ ਨਾ ਕੀਤਾ। ਲੋਕਾਂ ਦੀ ਜਾਨ ਵਿਚ ਜਾਨ ਆਈ। ਚੌਧਰੀ ਹਾਕਮਾਂ ਕੋਲ ਗਏ। ਉਸਨੇ ਕੀ ਉਤਰ ਦਿਤਾ, ਇਹ ਉਨ੍ਹਾਂ ਨੂੰ ਪਤਾ ਹੋਵੇਗਾ, ਉਨ੍ਹਾਂ ਆ ਕੇ ਕੋਈ ਗਲ ਨਾ ਕੀਤੀ।

ਪਰ ਦੀਪੋ ਦੀ ਸੱਸ ਉਸਦੇ ਸਹੁਰੇ ਤੇ ਪਤੀ ਦੇ ਸੁਭਾ ਵਿਚ ਇਕ ਦਮ ਤਬਦੀਲੀ ਆ ਗਈ। ਉਹ ਖਿੜੇ ਮੱਥੇ ਦੀਪੋ ਨਾਲ ਬੋਲਣੋ ਹੱਟ ਗਏ ਲੋੜ ਪੈਣ ਤੇ ਬੁਲਾਉਂਦੇ, ਕੋਈ ਕੰਮ ਨਾ ਆਖਦੇ ਅਤੇ ਦੀਪੋ ਦੀ ਸੱਸ ਹਸੂੰ ਹਸੂੰ ਕਰਕੇ ਦੀਪੋ ਦੇ ਵਾਰਨੇ ਫਰ ਲੈਂਦੀ ਸੀ, ਫਿਰ ਉਹ ਪੱਥਰ ਵਾਂਗ ਚੁਪ ਰਹਿਣ ਲਗੀ। ਦੀਪੋ ਨੂੰ ਬਾਹਰ ਜਾਣੋ ਵੀ ਰੋਕਿਆ ਗਿਆ। ਜਦੋਂ ਉਹ ਪਠ ਕਰਨ ਲਗਦੀ ਤਾਂ ਉਸਨੂੰ ਕੋਈ ਨਾ ਕੋਈ ਕੰਮ ਦਸਿਆ ਜਾਣ ਲਗਾ। ਸੁਲਤਾਨੀਏ ਪੀਰ ਦੇ ਚੇਲੇ ਇਕ ਸਾਂਈਂ ਨੂੰ ਘਰ ਸਦਕੇ ਕਲਮਾਂ ਪੜ੍ਹਾਈ ਗਈ। ਉਸਨੂੰ ਕੁਝ ਚੀਜਾਂ ਦਿਤੀਆਂ ਗਈਆਂ। ਦੀਪੋ ਸਭ ਕੁਝ ਸਮਝ ਗਈ।

'ਮਾਂ ਜੀ! ਮੈਂ ਪਾਠ ਕਰ ਲਵਾਂ। ਫਿਰ ਕੰਮ ਕਰ ਦੇਵਾਂਗੀ।'

ਇਕ ਦਿਨ ਦੀਪੋ ਨੇ ਆਪਣੀ ਸੱਸ ਨੂੰ ਉਤਰ ਦਿਤਾ ਕਿ ਉਸਨੂੰ ਪਾਠ ਕਰਨ ਬੈਠਣ ਸਮੇਂ ਕੰਮ ਦਸਿਆ ਗਿਆ।

'ਭੱਠ ਪਿਆ ਤੇਰਾ ਪਾਠ! ਰਾਤ ਦਿਨੇ ਪਾਠ! ਪਾਠ!! ਕੋਈ ਲੋੜ ਨਹੀਂ ਤੇਰੇ ਪਠ ਦੀ ਅਗੇ ਪਾਠ ਨਹੀਂ ਸੀ ਹੁੰਦਾ ਸੁਖੀ ਵਸਦੇ ਸਾਂ। ਤੇਰੀ ਸਿਖੀ ਨੇ ਸਾਰੇ ਪਿੰਡ ਨਾਲ ਵੈਰ ਪਵਾ ਦਿਤਾ ਏ। ਜਿਸਨੇ ਕਦੀ ਮੂੰਹ ਨਹੀਂ ਸੀ ਧੋਤਾ ਉਹ ਵੀ ਟਕੇ ਟਕੇ ਦੀ ਗਲ ਪਿਆ ਕਰਦਾ ਏ।

ਮਰਦਾਂ ਦੇ ਗਲ ਪੈ ਕੇ ਤੂੰ ਤਾਂ ਘਰਾਣੇ ਦੀ ਆਬਰੂ ਡੋਬ ਦਿਤੀ ਨੱਕ ਵਢ ਕੇ ਰਖ ਦਿਤਾ। ਜੱਸੂ ਨੇ ਤੈਨੂੰ ਕੇਹੜੀ ਛੁਰੀ ਮਾਰੀ ਸੀ, ਜਿਸ ਤੋਂ ਤੂੰ ਉਸਦੇ ਗਲ ਪਈਓਂ।'

ਦੀਪੋ ਦੀ ਸੱਸ ਦੇ ਹਿਰਦੇ ਤੇ ਦਿਮਾਗ ਵਿਚ ਗੁਸੇ ਦਾ ਜਿਹੜਾ ਤੂਫਾਨ ਇਕੱਠਾ ਹੋਇਆ ਸੀ—ਸਭ ਕੁਝ ਪ੍ਰਗਟ ਕਰਨ ਲਗੀ। ਦੀਪੋ ਸੁਣ ਸੁਣ ਕੇ ਹੈਰਾਨ ਪਰੇਸ਼ਾਨ ਹੋਣ ਲਗੀ।

'ਉਹ ਮਰਦ! ਜੇ ਉਸਨੇ ਮਾੜੀ ਗਲ ਆਖੀ ਸੀ ਤਾਂ ਮੈਨੂੰ ਆਕੇ ਦਸਦੀਓਂ ਮੈਂ ਆਪੇ ਉਸਨੂੰ ਪੁਛ ਲੈਂਦੀ, ਉਸਦੀ ਮਾਂ ਨੂੰ ਆਖਦੀ। ਹੁਣ ਲੋਕ ਸੌ ਸੌ ਗਲਾਂ ਬਣਾ ਰਹੇ। 'ਸਿਖੀ ਸਿਖੀ' ਗੁਰੂ ਗੁਰੂ—ਰਾਤ ਦਿਨੇ ਕੂਕਦੀ ਰਹਿੰਦੀ ਏ। ਧੀਆਂ ਭੈਣਾਂ ਤੇ ਨੂੰਹਾਂ ਵਾਲੀ ਸ਼ਰਮ ਕਿਤੇ ਨੇੜੇ ਨਹੀਂ ਲਗੀ। ਜੇ ਮਰਦਾਂ ਨਾਲ ਲੜਾਈਆਂ ਕਰਨੀਆਂ ਸਨ ਤੇ ਵਿਆਹ ਕਿਉਂ ਕਰਾਇਆ? ਕਿਤੇ ਲਸ਼ਕਰ ਵਿਚ ਜਾ ਰਲਦੀਓਂ। ਲੜਾਈਆਂ ਕਰਦੀਓਂ। ਬਸ! ਅਜ ਤੋਂ ਮੇਰੇ ਘਰ—ਨਾ ਗੁਰੂ ਦਾ ਤੇ ਨਾ ਪਾਠ ਬਾਣੀ ਦਾ ਨਾਂ ਲੈਣਾ। ਅਸੀਂ ਸੁਲਤਾਨੀਏ ਆਂ। ਪੀਰ ਜੀ ਗੁਸੇ ਹੋ ਗਏ ਤਾਂ ਕੋਈ ਟਿਕਾਣਾ ਨਹੀਂ। ਵੀਰਵਾਰ ਨੂੰ ਦੀਵਾ ਜਗੇਗਾ। ਉਠ ਤੇ ਚੱਕੀ ਝੋਕ, ਦਾਣੇ ਪੀਹ। ਜਿੰਨਾ ਨਗਾ ਉਨ੍ਹਾਂ ਹੀ ਪੁਨ ਬਥੇਰਾ ਏ।'

ਸੱਸ ਦਾ ਬੋਲਿਆ ਹੋਇਆ ਇਕ ਇਕ ਸ਼ਬਦ ਬੀਬੀ ਦੀਪੋ ਦੇ ਹਿਰਦੇ ਨੂੰ ਛਾਨਣੀ ਕਰਦਾ ਗਿਆ। ਉਹ ਜਾਣਦੀ ਸੀ ਕਿ ਧਰਮ—ਹੀਣ ਮੂਰਖ ਇਸਤ੍ਰੀਆਂ ਪਤੀ-ਬਰਤਾ ਧਰਮ ਵਿਚ ਪਕੀਆਂ ਨਹੀਂ ਸਨ। ਜਸੂ ਵਰਗਾ ਮੁੰਡਾ ਜੇ ਉਨ੍ਹਾਂ ਨੂੰ ਹੱਥ ਪਾਉਂਦਾ ਤਾਂ ਉਹ ਚੁਪ ਕਰ ਰਹਿੰਦੀਆਂ ਸਨ। ਧਰਮ ਦਾ ਗਿਆਨ ਨਹੀਂ ਸੀ। ਉਹ ਇਹੋ ਜਾਣਦੀਆਂ ਸਨ ਕਿ ਜੋ ਪਾਪ ਰਾਤ ਦੇ ਹਨੇਰੇ ਜਾਂ ਲੋਕਾਂ ਦੀਆਂ ਅੱਖਾਂ ਤੋਂ ਉਹਲੇ ਹੋਏ ਉਹ ਪਾਪ ਨਹੀਂ। ਝੂਠ ਬੋਲਣਾ ਭੁਤਾਲ ਕਰਕੇ ਘਰਦਿਆਂ ਨੂੰ ਖੁਸ਼ ਰਖਣਾ ਉਸ ਸਮੇਂ ਦੀਆਂ ਔਰਤਾਂ ਦੇ ਮੋਟੇ ਕਰਮ ਸਨ। ਪਰ ਦੀਪੋ ਨੇਕ ਮਾਂ ਦੀ ਧੀ ਅੰਦਰੋਂ ਬਾਹਰੋਂ ਨੇਕ ਸੀ, ਉਹ ਸਤੀ ਸਵਿਤਰੀ ਸੀ। ਉਹੋ ਗਲਾਂ ਜੋ ਕੋਈ ਹੋਰ

ਜ਼ਨਾਨੀ ਦੀਪੋ ਨੂੰ ਆਖਦੀ ਤਾਂ ਉਸਦਾ ਖ਼ੂਨ ਪੀ ਜਾਂਦੀ। ਪਰ ਸੱਸ ਨੂੰ ਕੀ ਉਤਰ ਦੇਵੇ ? ਉਹ ਘਬਰਾ ਗਈ। ਉਸਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਸਦੀ ਜ਼ਬਾਨ ਤਾਲੂ ਨਾਲ ਜੁੜ ਗਈ। ਉਸਨੇ ਗੁਸੇ ਨੂੰ ਪੀਣਾ ਹੀ ਚੰਗਾ ਸਮਝਿਆ ਉਹ ਉਠਕੇ ਕੰਮ ਕਰਨ ਲਗ ਪਈ ਤੇ ਪਾਠ ਮੂੰਹ ਵਿਚ ਕਰੀ ਜਾਣ ਲਗੀ। ਉਹ ਸੱਸ ਅਗੇ ਬੋਲਕੇ ਬਲਦੀ ਤੇ ਤੇਲ ਪਾਉਣਾ ਨਹੀਂ ਸੀ ਚਾਹੁੰਦੀ।

ਦੀਪੋ ਦੇ ਸ਼ਾਂਤ ਵਾਤਾਵਰਣ ਵਿਚ ਕਾਲੀ ਬੋਲੀ ਅੰਧੇਰੀ ਆ ਗਈ ਪਿੰਡ ਦੀਆਂ ਕੁੜੀਆਂ ਤੇ ਜ਼ਨਾਨੀਆਂ ਨੂੰ ਅਛੂਤ ਕ ਾਰ ਦੇ ਦਿਤਾ। ਉਨ੍ਹਾਂ ਦੇ ਘਰ ਦਿਆਂ ਨਾ ਰੋਕਿਆ ਕਿ ਕੋਈ ਦੀਪੋ ਨਾਲ ਗਲ ਨਾ ਕਰੇ। ਉਸਦੇ ਕੋਲ ਬੈਠਕੇ ਮਾੜੀ ਸਿਖਿਆ ਨਾ ਲਵੇ।

ਦੁਨੀਆਂ ਸਾਰੀ ਸਾਥ ਛਡ ਗਈ, ਇਸਦਾ ਉਸਨੂੰ ਕੋਈ ਗਿਲਾ ਨਹੀਂ ਸੀ। ਪਰ ਉਸ ਵੇਲੇ ਉਸਨੂੰ ਦੁਖ ਹੋਇਆ ਜਦੋਂ ਉਸਦੇ ਪਤੀ ਤੇਜਰਾਮ ਨੇ ਉਸਨੂੰ ਠੁਕਰਾ ਦਿਤਾ। ਉਹ ਘਿਰਨਾ ਕਰਨ ਲਗ ਪਿਆ, ਪਿਆਰ ਤੇ ਚਾਅ ਖਤਮ ਹੋ ਗਏ। ਉਹ ਸਿਲ-ਵਟਾ ਬਣਿਆ ਘਰ ਆਉਂਦਾ ਤੇ ਝਟ ਬਾਹਰ ਚਲਿਆ ਜਾਂਦਾ। ਦੀਪੋ ਨੂੰ ਇਕ ਆਸਰਾ ਰਹਿ ਗਿਆ—ਅਕਾਲ ਪੁਰਖ ਤੇ ਸਤਿਗੁਰੂ ਜੀ ਦਾ! ਉਨ੍ਹਾਂ ਦਾ ਹੀ ਧਿਆਨ ਧਰਕੇ ਨਾਮ-ਬਾਣੀ ਦਾ ਸਿਮਰਨ ਕਰਨ ਲਗੀ ਤੇ ਅਰਦਾਸ ਬੇਨਤੀਆਂ ਕਰਦੀ ਰਹੀ। ਉਸਨੇ ਕਿਸੇ ਨਾਲ ਮਿਲਣਾ ਗਿਲਣ ਛਡ ਦਿਤਾ। ਜਿਹੜਾ ਕੰਮ ਸੱਸ ਉਸਨੂੰ ਆਖਦੀ ਉਹ ਹੀ ਕਰ ਛਡਦੀ।

ਜੱਸੂ ਨਾਸਰ ਅਲੀ ਕੋਲ ਫਿਰ ਉਸਨੇ ਵਧ ਘਟ ਗਲਾਂ ਕੀਤੀਆਂ ਉਸਦੀ ਜ਼ਬਾਨੀ ਨਾਸਰ ਅਲੀ ਨੂੰ ਪਤਾ ਲਗਾ ਕਿ ਮੁਗਲਾਂ ਦੇ ਬਲ ਹੋਲੋਂ ਡਰ ਕੇ ਸਭ ਨੇ ਦੀਪੋ ਨਾਲ ਬਾਈਕਾਟ ਕਰ ਦਿਤਾ ਏ। ਉਸਨੇ ਜੱਸੂ ਨੂੰ ਤਾਂ ਚੰਗਾ ਝੀੜ ਪਾਈ ਤੇ ਆਪ ਅਗਲੇ ਦਿਨ ਤਲਬਨ ਆ ਗਿਆ।

ਉਸਦਾ ਪਿੰਡ ਆਉਣਾ ਸੁਣਕੇ ਸਾਰੇ ਇਸੇ ਤਰ੍ਹਾਂ ਸਹਿਮ ਗਏ ਜਿਵੇਂ ਬਿਲੀ ਦਾ ਆਉਣਾ ਸੁਣ ਕੇ ਕਬੂਤਰ ਸਹਿਮ ਜਾਂਦੇ ਹਨ, ਲਹੂ

ਸੁਕਣ ਲਗੇ। ਧੀਆਂ ਤੇ ਨੂੰਹਾਂ ਨੂੰ ਅੰਦਰੀ ਬੰਦ ਕਰ ਦਿਤਾ। ਸੋਨੇ ਦੀਆਂ ਟੂੰਮਾਂ ਨੂੰ ਧਰਤੀ ਵਿਚ ਨਪਣਾ ਸ਼ੁਰੂ ਕੀਤਾ।

ਉਸ ਨੇ ਪਿੰਡ ਦੇ ਮੁਖੀਆਂ ਨੂੰ ਇਕੱਤਰ ਕੀਤਾ ਤੇ ਚੌਧਰੀ ਨੂੰ ਦਸਿਆ ਤੇ ਆਖਿਆ 'ਮੈਨੂੰ ਪਤਾ ਲਗਾ ਏ ਤੁਸੀਂ ਦੀਪੋ...।'

ਅਜੇ ਉਸਨੇ ਪੂਰੀ ਗਲ ਨਹੀਂ ਸੀ ਕੀਤੀ ਕਿ ਮੁਖੀਆ ਨਾਸਰ ਦੀ ਗਲ ਟੁਕ ਕੇ ਆਖਣ ਲਗ ਪਿਆ 'ਦੀਪੋ ਨਾਲ ਕੋਈ ਨਹੀਂ ਬੋਲਦਾ। ਉਹ ਅਜ ਭਲਕੇ ਜਾਣ ਵਾਲੀ ਏ। ਸਿਖੀ ਛਡ ਦਿਤੀ ਏ। ਸੁਲਤਾਨੀਏ ਪੀਰ ਦੀ ਚੇਲੀ ਬਣੇਂਣੀ। ਘਸੀਟਾ ਆਪਣੇ ਪੁਤਰ ਦਾ ਹੋਰ ਵਿਆਹ ਕਰਨਾ ਚਾਹੁੰਦਾ ਏ।'

ਚੁਪ! ਮੈਨੂੰ ਗਲ ਤਾਂ ਪੂਰੀ ਕਰ ਲੈਣ ਦਿਓ, ਮੈਂ ਸਭ ਜਾਣਦਾ ਆਂ ਕਿ ਤੁਸੀਂ ਇਕ ਧੋਖਾ ਹੋ, ਬਈਮਾਨ ਹੋ, ਕਾਇਰ ਤੇ ਲਾਲਚੀ ਹੋ। ਤੁਸਾਂ ਕੋਲੋਂ ਹਕੂਮਤ ਨੂੰ ਕੋਈ ਫਾਇਦਾ ਨਹੀਂ। ਜਿਹੜਾ ਬਾਦਸ਼ਾਹ ਆਇਗਾ ਉਸ ਅਗੇ ਗਡੇ ਟੇਕ ਦਿਓਗ।

ਸਾਰੇ ਇਕ ਦਮ ਸਾਹ ਘੁਟ ਹੋ ਬਹਿ।

'ਤੁਸਾਂ ਚੰਗਾ ਨਹੀਂ ਕੀਤਾ। ਮੈਂ ਦੀਪੋ ਮੁਟਿਆਰ ਤੇ ਨਾਰਾਜ਼ ਨਹੀਂ। ਉਹ ਇਕ ਦਲੇਰ ਤੇ ਬਹਾਦਰ ਔਰਤ ਏ। ਸੱਚੀ ਏ। ਖੁਦਾ ਨੇ ਉਸ ਨੂੰ ਬਹਾਦਰੀ ਦਿਤੀ ਏ। ਇਕ ਬਹਾਦਰ ਬਹਾਦਰ ਨਾਲ ਲੜ ਕੇ ਗੁਸੇ ਨਹੀਂ ਹੁੰਦਾ। ਉਸ ਨਾਲ ਸਾਰੇ ਮਿਲਵਰਤਨ ਰਖੋ ਮੇਰੇ ਕੋਲੋਂ ਨਾ ਡਰੋ।'

ਚੌਧਰੀ ਅਤੇ ਸਾਰੇ ਮੁਖੀਏ ਇਕ ਦੂਸਰੇ ਵਲ ਵੇਖ ਕੇ ਦਿਲ ਦੀ ਹੈਰਾਨੀ ਪ੍ਰਗਟ ਕਰਨ ਲਗ। ਉਨ੍ਹਾਂ ਦਾ ਸਹਿਮ ਦੂਰ ਹੋ ਗਿਆ।

ਨਾਸਰ ਦੀਪੋ ਨੂੰ ਵੇਖਣ ਲਈ ਆਇਆ ਸੀ। ਉਹ ਹਾਕਮ ਸੀ। ਉਸ ਨਾਲ ਨਾਂ ਕੋਈ ਟਕਰ ਲੈਣ ਵਾਲਾ ਸੀ ਤੇ ਨਾ ਉਸਨੂੰ ਕੋਈ ਕਿਸ ਦੇ ਘਰ ਜਾਣੋ ਰੋਕਣ ਵਾਲਾ। ਉਸ ਨੇ ਸਾਰਿਆਂ ਨੂੰ ਤੋਰ ਦਿਤਾ, ਚੌਧਰੀ ਅਤੇ ਘਸੀਟੇ ਨੂੰ ਕੋਲ ਰਖ ਲਿਆ। ਜਦੋਂ ਸਾਰੇ ਚਲੇ ਗਏ ਤਾਂ ਉਸ ਨੇ ਚੌਧਰੀ ਨੂੰ ਆਖਿਆ—

'ਮੈਂ ਘਸੀਟੇ ਦੇ ਘਰ ਜਾਣਾ ਚਾਹੁੰਦਾ ਹਾਂ।'

'ਕਿਉਂ ਸਰਕਾਰ?'

ਚੌਧਰੀ ਨੇ ਪੁਛਿਆ ਤੇ ਘਸੀਟਾ ਸਹਿਮ ਗਿਆ।

'ਦੀਪੋ ਨੂ ਮਿਲਣ।'

'ਸਰਕਾਰ।'

'ਨਹੀਂ ਚਲੋ।'

ਨਾਸਰ ਉਠ ਖੇਠਾ। ਉਸ ਦੇ ਪਿਛੇ ਪਿਛੇ ਘਸੀਟਾ ਤੇ ਚੌਧਰੀ ਤੁਰ ਪਏ। ਅਗੇ ਜਾ ਕੇ ਚੌਧਰੀ ਅਗੇ ਲਗ ਗਿਆ, ਤਾਂ ਨਾਸਰ ਨੂੰ ਘਰ ਦਾ ਰਾਹ ਦਸੀ ਜਾਏ।

ਦੀਪੋ ਘਰ ਸੀ।

ਘਰ ਦੇ ਵਿਹੜੇ ਵਿਚ ਨਾਸਰ ਅਲੀ ਜਾ ਖਲੋਤਾ।

ਘਸੀਟਾ ਥਰ ਥਰ ਕੰਬਦਾ ਹੋਇਆ, ਸ਼ੁਦਾਈਆਂ ਵਾਂਗ ਮੰਜਾ ਲਭਣ ਲਗਾ ਜਿਸ ਤੇ ਨਾਸਰ ਅਲੀ ਨੂੰ ਬਿਠਾਉਂਦਾ।

ਚੌਧਰੀ ਨੇ ਦੀਪੋ ਨੂ ਆਵਾਜ਼ ਦਿਤੀ-'ਧੀਏ ਦੀਪੋ! ਰਤਾ ਬਾਹਰ ਆਉਣਾ।

ਹਾਕਮ ਨੂੰ ਘਰ ਆਇਆ ਵੇਖ ਕੇ ਦੀਪੋ ਦੀ ਸੱਸ ਤਾਂ ਠੰਢੀ ਹੋ ਗਈ, ਉਹ ਡਰ ਭੌਰ ਹੋਈ ਹੋਈ ਅੰਦਰ ਜਾ ਵੜੀ।

ਸਤਿਗੁਰੂ ਜੀ ਦੀ ਆਜ਼ਾਦ ਬੱਚੀ ਬੜੀ ਨਿਰਭੈਤਾ ਨਾਲ ਬਾਹਰ ਆਈ। ਉਸ ਨੇ ਆਉਂਦਿਆਂ ਹੀ ਨਾਸਰ ਅਲੀ ਨੂੰ ਸਲਾਮ ਆਖਿਆ ਤੇ ਪੁਛਿਆ 'ਆਓ ਭਰਾ ਜੀ, ਕਿਵੇਂ ਆਉਣੇ ਹੋਏ?'

ਨਾਸਰ ਸ਼ਰਮਿੰਦਾ ਹੋ ਗਿਆ। ਉਸ ਦੀ ਜਬਾਨੋਂ ਸਿਰਫ ਇਹੋ ਹੀ ਨਿਕਲਿਆ:

'ਅਉਣਾ ਈ ਪਿਆ।'

'ਅਾਇ, ਜੀ ਆਇਆਂ ਨੂੰ।'

ਘਸੀਟੇ ਨੇ ਮੰਜੀ ਡਾਹ ਦਿਤੀ। ਨਾਸਰ ਅਲੀ ਉਸ ਉਤੇ ਬੈਠ

ਗਿਆ। ਦੀਪੋ ਖਲੋਤੀ ਰਹੀ।

'ਕੋਈ ਸੇਵਾ, ਜਲ ਪਾਣੀ।'

'ਮਿਹਰਬਾਨੀ।'

'ਘਰ ਆਏ ਮਹਿਮਾਨ ਦਾ ਸਤਿਕਾਰ ਕਰਨਾ ਪਹਿਲਾ ਫਰਜ਼ ਏ।'

'ਮੈਂ ਆਇਆ ਸਾਂ, 'ਮੈਨੂੰ ਪਤਾ ਲਗਾ ਕਿ ਪਿੰਡ ਵਾਲਿਆਂ ਨੇ ਤੁਸਾਂ ਨਾਲ ਮਾੜਾ ਸਲੂਕ ਕਰਨਾ ਸ਼ੁਰੂ ਕੀਤਾ ਏ। ਸਾਰ ਤੁਸਾਂ ਨਾਲ ਬੋਲਦੇ ਨਹੀਂ।

'ਬੋਲਦੇ ਹਨ, ਜੈਸੀ ਕਿਸੇ ਦੀ ਬੁਧ ਹੈ, ਵੇਸਾ ਹੀ ਕੰਮ ਕਰਨਾ ਏ। ਡਰ ਜ਼ਰੂਰ ਗਏ ਸਨ ਕਿ ਹਾਕਮ ਪਤਾ ਨਹੀਂ ਕੀ ਆਖੇ।'

'ਪਰ ਮੈਨੂੰ ਤਾਂ ਕੋਈ ਨਰਾਜ਼ਗੀ ਨਹੀਂ। ਤੁਸੀਂ ਪੁਜ ਕੇ ਬਹਾਦਰ ਓ। ਖੁਦਾ ਦਾ ਫਜ਼ਲ ਏ।'

'ਹਾਂ, ਸਾਰਿਆਂ ਤੇ ਖੁਦਾ ਦਾ ਫਜ਼ਲ ਈ ਹੋਣਾ ਚਾਹੀਦਾ ਏ। ਖੁਦਾ ਹਰ ਹਾਕਮ ਨੂੰ ਸਿਖਿਆ ਦੇਵੇ ਕਿ ਹਾਕਮ ਪਰਜਾ ਨੂੰ ਖੁਦਾ ਦੀ ਖਲਕਤ ਸਮਝ ਕੇ ਪਿਆਰਨ। ਪਰਜਾ ਦੇ ਹੱਕਾਂ ਦੀ ਰਾਖੀ ਕਰਨ। ਮੇਰੇ ਗੁਰੂ ਦੀ ਵੀ ਇਹੋ ਸਿਖਿਆ ਏ।'

'ਹੱਛਾ! ਮੈਂ ਜਾਂਦਾ ਆਂ।'

'ਐਡੀ ਛੇਤੀ।'

'ਬਸ ਏਹੋ ਆਇਆ ਸਾਂ ਮੈਂ ਗੁਸੇ ਨਹੀਂ।'

'ਇਕ ਭੈਣ ਨਾਲ ਭਰਾ ਗੁਸੇ ਹੋ ਹੀ ਨਹੀਂ ਸਕਦਾ। ਕਿਸੇ ਵੇਲੇ ਤਲਖੀ ਆਉਂਦੀ ਏ ਝਟ ਦੂਰ ਹੋ ਜਾਂਦੀ ਏ।

ਨਾਸਰ ਨੂੰ ਭੈਣ ਤੇ ਭਰਾ ਦੇ ਸ਼ਬਦ ਚੁਭਦੇ ਸਨ, ਪਰ ਦੀਪੋ ਨੂੰ ਰੋਕਣ ਦਾ ਉਸਨੂੰ ਹੌਂਸਲਾ ਨਹੀਂ ਸੀ ਪੈਂਦਾ।

ਫਿਰ ਗੁਸਾ ਨਹੀਂ।

'ਮੇਰ ਗੁਰੂ ਦੀ ਸਿਖਿਆ ਏ-ਜ਼ੁਲਮ ਅਗੇ ਝੁਕਣਾ ਨਹੀਂ।

ਆਪਣੇ ਧਰਮ ਦੀ ਰਾਖੀ ਕਰਨੀ, ਸੈ-ਸਤਿਕਾਰ ਨੂੰ ਕਾਇਮ ਰਖਦਿਆਂ ਹੋਇਆਂ ਹਰ ਇਕ ਨੂੰ ਇਕ ਅਕਾਲ ਪੁਰਖ ਦਾ ਪੁਤਰ ਸਮਝਣਾ ਵੈਰ, ਵਿਰੋਧ ਤੇ ਹੰਕਾਰ ਨੂੰ ਮਾਰਨਾ। 'ਨਹਿ ਕੋਈ ਬੈਰੀ ਨਹਿ ਬੇਗਾਨਾ, ਸਗਲ ਸੰਗ ਹਮ ਕਉ ਬਣ ਆਈ।' ਭਰਾ ਜੀ! ਮੈਨੂੰ ਕੋਈ ਗਸਾ ਨਹੀਂ ਉਸ ਵੇਲੇ ਦੀ ਗਲ ਉਸੇ ਵੇਲੇ ਹੀ ਖਤਮ ਹੋ ਗਈ ਜਦੋਂ ਤੁਸਾਂ ਲੜਨੋਂ ਰੋਕ ਦਿਤਾ।'

'ਖੁਦਾ ਮਿਹਰ ਕਰੇ।'

'ਜ਼ਰੂਰ ਖੁਦਾ ਮਿਹਰ ਕਰਦਾ ਏ, ਜੇ ਕੋਈ ਸੱਚੇ ਦਿਲੋਂ ਤੋਬਾ ਕਰਕੇ ਬੁਰਿਆਈ ਦਾ ਤਿਆਗ ਕਰੇ।'

'ਕੀ ਮੈਂ ਫਿਰ ਮਿਲ ਸਕਦਾ ਹਾਂ?'

'ਜ਼ਰੂਰ-ਉਸੇ ਤਰ੍ਹਾਂ ਜਿਵੇਂ ਇਕ ਭਰਾ ਆਪਣੀ ਭੈਣ ਦੇ ਘਰ ਆਕੇ ਉਸਨੂੰ ਮਿਲਦਾ ਤੇ ਉਸਦੀ ਸੁਖ ਸਾਂਦ ਪੁਛ ਸਕਦਾ ਏ!'

'ਅਛਾ ਸਲਾਮ।'

'ਸਲਾਮ।'

ਨਾਸਰ ਅਲੀ ਤੁਰ ਪਿਆ। ਉਸਦੇ ਪਿਛੇ ਹੀ ਚੌਧਰੀ ਤੇ ਘਸੀਟਾ ਵੀ ਤੁਰ ਗਿਆ। ਦੀਪੋ ਖੜੀ ਸੋਚਦੀ ਰਹੀ।

ਕੈਸਾ ਅਨੋਖਾ ਹਾਕਮ ਏ।'

੧੨.

ਦਿਨ ਲੰਘਦੇ ਗਏ। ਨਾਸਰ ਅਲੀ ਕਦੀ ਉਸ ਪਿੰਡ ਨਾ ਆਇਆ। ਪਿੰਡ ਵਾਲਿਆਂ ਦੇ ਸਿਰ ਤੋਂ ਖਤਰਾ ਵੀ ਟਲ ਗਿਆ ਪਰ ਬੀਬੀ ਦੀਪੋ ਦੀ [illegible] ਦਾ ਦਿਲ ਟਿਕਾਣੇ ਨਾ ਆਇਆ। ਉਹ ਸਿਖੀ ਦੇ ਵਿਰੁਧ ਹੋ ਗਈ। ਉਸਨੇ ਆਪਣੇ ਪੁਤਰ ਨੂੰ ਵੀ ਦਿਲ ਦਾ ਕਰੜਾ ਬਣਾ ਦਿਤਾ। ਉਹ ਟੋਕਾ ਟੋਕੀ ਕਰਦੀ ਰਹੀ। ਗਲ ਤਾਂ ਕੋਈ ਦੀਪੋ ਦੇ ਪੈਂਦਾ ਨਹੀਂ ਸੀ, ਕਿਉਂਕਿ ਉਹ ਝਕਦੀ ਸੀ। ਤੇਜ ਰਾਮ ਨੇ ਵੀ ਕਦੀ ਹਥ

ਢੁਕਣ ਦਾ ਹੌਂਸਲਾ ਨਾ ਕੀਤਾ।

ਸਿਆਲ ਬੀਤ ਗਿਆ, ਬਸੰਤ ਰੁਤ ਆਈ। ਚੜ੍ਹਦੀ ਬਸੰਤ ਦੇ ਨਾਲ ਹੀ ਸਤਿਗੁਰੂ ਜੀ ਦੇ ਹੁਕਮ ਨਾਮੇ ਲੈ ਕੇ ਮਸੰਦ ਪਿੰਡ ਪਿੰਡ ਪੁਜ ਗਏ ਕਿ ਵੈਸਾਖੀ ਦੇ ਮੇਲੇ ਤੇ ਬਹੁਤ ਵਡਾ ਯੱਗ ਹੋਵੇਗਾ। ਹਰ ਇਕ ਗੁਰੂ ਦੇ ਸ਼ਰਧਾਲੂ ਨੂੰ ਸਤਿਗੁਰੂ ਜੀ ਦਾ ਹੁਕਮ ਹੈ ਕਿ ਵੈਸਾਖੀ ਵਾਲੇ ਦਿਨ ਜ਼ਰੂਰ ਸ੍ਰੀ ਅਨੰਦਪੁਰ ਪੁਜਣਾ ਚਾਹੀਦਾ ਹੈ। ਸੰਮਤ ੧੭੫੬ ਦੀ ਵੈਸਾਖੀ ਸਤਿਗੁਰੂ ਜੀ ਨੇ ਉਚੇਚੀ ਮੰਨਾਉਣੀ ਸੀ ਉਨ੍ਹਾਂ ਨੇ ਮੁਰਦਾ ਹੋਈ ਹਿੰਦੂ ਕੌਮ ਨੂੰ ਨਵੀਂ ਪਿਉਂਦ ਕਰਨ ਦਾ ਫੈਸਲਾ ਕੀਤਾ ਸੀ। ਐਸੀ ਬਹਾਦਰ ਫੌਜ ਦੀ ਪਲਟਣ ਕਾਇਮ ਕਰਨੀ ਸੀ, ਜਿਹੜੀ ਭਾਰਤ ਦੀ ਆਜ਼ਾਦੀ ਅਤੇ ਇਸਦੀ ਸੰਸਕ੍ਰਿਤੀ ਨੂੰ ਕਾਇਮ ਰਖਣ ਲਈ ਇਕ ਮਹਾਨ ਸੰਗ੍ਰਮ ਕਰੇ। ਉਸੇ ਮੁਕਤਾ ਫੌਜ ਦਾ ਨਾਮ ਰਖਣਾ ਸੀ—ਖਾਲਸਾ ਪੰਥ।

ਤਲਵਨ ਵਿਚ ਵੀ ਗੁਰੂ ਕਾ ਸਿਖ ਫਿਰ ਗਿਆ। ਉਹ ਸਤਿਗੁਰੂ ਜੀ ਦਾ ਹੁਕਮ ਸੁਣਾ ਗਿਆ। ਦੀਪੋ ਦੀ ਮਾਤਾ ਦਾਨੀ ਦਾ ਵੀ ਸੁਨੇਹਾ ਪੁਜਾ ਕਿ ਉਹ ਸ੍ਰੀ ਅਨੰਦਪੁਰ ਜਾਣਗੇ, ਦੀਪੋ ਜ਼ਰੂਰ ਕਿਸੇ ਸੰਗ ਨਾਲ ਰਲੇ। ਵੈਸ਼ਾਖੀ ਤੋਂ ਪਹਿਲਾਂ ਹੀ ਕਈ ਦਿਨ ਸਤਿਗੁਰੂ ਦੇ ਪ੍ਰੇਮੀਆਂ ਨੇ ਜਥਿਆਂ ਦੇ ਰੂਪ ਵਿਚ, ਢੋਲਕੀ ਛੈਣਿਆਂ ਨਾਲ ਗੁਰੂ ਘਰ ਦਾ ਜੱਸ ਕਰਦਿਆਂ ਹੋਇਆਂ ਵਹੀਰਾਂ ਘਤਨੀਆਂ ਸਨ। ਦੀਪੋ ਨੇ ਮਨ ਨਾਲ ਫੈਸਲਾ ਕੀਤਾ ਕਿ ਉਹ ਜ਼ਰੂਰ ਜਾਏਗੀ।

ਉਸ ਨੇ ਇਕ ਦਿਨ ਆਪਣੀ ਸੱਸ ਨੂੰ ਆਖਿਆ—'ਮਾਂ ਜੀ! ਮੈਂ ਸ੍ਰੀ ਅਨੰਦਪੁਰ ਜਾਣ ਚਾਹੁੰਦੀ ਆਂ। ਸਤਿਗੁਰੂ ਜੀ ਦਾ ਹੁਕਮ ਆਇਆ ਏ।'

'ਕੋਈ ਨਹੀਂ ਜਾਣਾ, ਚੁਪ ਕਰਕੇ ਬੈਠ। ਤੇਰਾ ਗੁਰੂ...।' ਉਸਦੀ ਸੱਸ ਨੇ ਗੁਸੇ ਨਾਲ ਲਾਲ ਪੀਲੀ ਹੋ ਕੇ ਉਤਰ ਦਿਤਾ ਤੇ ਸਤਿਗੁਰੂ ਜੀ ਦੀ ਸ਼ਾਨ ਵਿਚ ਵੀ ਮੰਦੇ ਸ਼ਬਦ ਬੋਲ ਦਿਤੇ।

ਸਤਿਗੁਰੂ ਜੀ ਦੀ ਨਿੰਦਾ ਸੁਣਨੀ ਬੀਬੀ ਦੀਪੋ ਵਾਸਤੇ ਕਠਨ ਸੀ।

ਉਹ ਆਪਣੀ ਨਿਰਾਦਰੀ ਝਲ ਸਕਦੀ ਸੀ, ਪਰ ਸਤਿਗੁਰੂ ਜੀ ਦੀ ਨਿੰਦਾ ਕੱਲੀ ਨਹੀਂ ਸੀ ਸੁਣ ਸਕਦੀ। ਉਸਨੇ ਵੀ ਅਗੋਂ ਗੁਸੇ ਨਾਲ ਉਤਰ ਦਿਤਾ–'ਵੇਖੋ ਮਾਂ ਜੀ! ਸਤਿਗਰੂ ਜੀ ਦੀ ਸ਼ਾਨ ਵਿਚ ਮਾੜੇ ਬਚਨ ਨਾ ਬੋਲੋ। ਮੈਂ ਨਹੀਂ ਸੁਣ ਸਕਦੀ, ਉਹ ਅਕਾਲ ਪੁਰਖ ਦਾ ਰੂਪ ਹਨ। ਉਨ੍ਹਾਂ ਦਾ ਜੱਸ ਦੇਵੀ ਦੇਵਤੇ ਗਾਉਂਦੇ ਹਨ।

'ਬੈਠ ਨੀ ਪਖੰਡੋ! ਗਾਉਂਦੇ ਹਨ ਜੱਸ ਉਸ ਦਾ ਦੇਵੀ ਦੇਵਤੇ: ਉਹ ਵਡਾ ਗੁਰੂ, ਲੋਕਾਂ ਨੂੰ ਲੁਟਣ ਵਾਸਤੇ ਦੁਕਾਨ ਖੋਲੀ ਸੂ। ਮੁਗਲਾਂ ਨਾਲ ਟਕਰਾਂ ਲੈਂਦਾ ਫਿਰਦਾ ਏ। ਮੇਰੇ ਕੋਲ ਨਾ ਗਰੂ ਗਰੂ ਦਾ ਨਾਂ ਲੈ। ਸਿਖਾਉਂਦਾ ਤਾਂ ਇਹੋ ਆ ਨਾਂ ਔਰਤਾਂ ਨੂੰ ਮਰਦਾਂ ਦੇ ਹੱਥੀਂ ਪੈਣਾ। ਬਹੁਤਾ ਬੜ ਬੜ ਨਾ ਕਰ ਤੇ ਚੁਪ ਕਰਕੇ ਬੈਠ।

ਮੈਂ ਜਾਵਾਂਗੀ ਤੇ ਜ਼ਰੂਰ ਜਾਵਾਂਗੀ। ਵੇਖਾਂਗੀ ਕੌਣ ਮੈਨੂੰ ਰੋਕਦਾ ਏ। ਤੁਸੀਂ ਮੂੰਹੋਂ ਇਕ ਸ਼ਬਦ ਨਾ ਕਢਣਾ ਨਹੀਂ ਤਾ ਮੇਰੇ ਹਥੋਂ ਖੈਰ ਨਹੀਂ

'ਇਹ ਕੋਈ ਨਵੀਂ ਗਲ ਏ। ਮੈਂ ਤਾਂ ਉਸੇ ਦਿਨ ਦੀ ਚਿੰਤਾ ਕਰ ਰਹੀ ਆਂ ਜਿਸ ਦਿਨ ਦੀ ਹਾਕਮ ਨਾਲ ਲੜੀ ਸੀ ਕਿ ਜੇ ਮੈਂ ਜਾਂ ਮੇਰਾ ਮੁੰਡਾ ਅਗੋਂ ਬੋਲੇ ਤਾਂ ਅਸਾਂ ਨੂੰ ਤਾਂ ਕਚਿਆਂ ਨੂੰ ਹੀ ਖਾ ਜਾਏਗੀ ਮਾਂ ਨੇ ਜੰਗਲ ਦੀ ਸ਼ੇਰਨੀ ਜਣ ਕੇ ਪਾਲੀ ਸ਼ੇਰਨੀ–ਜਿਹੜੀ ਸਦਾ ਆਦਮ ਬੋ ਆਦਮ ਬੋ ਕਰਦੀ ਰਹਿੰਦੀ ਏ। ਉਸ ਦਿਨ ਹਾਕਮ ਘਰ ਆਇਆ ਤਾਂ 'ਭਰਾ ਜੀ! ਭਰਾ ਜੀ ਕਰਕੇ ਬਟੇਰੇ ਵਾਂਗ ਪਟਕਦੀ ਰਹੀ ਨਾ ਸ਼ਰਮ ਕੀਤੀ ਨਾ ਝਕੀ। ਪਿੰਡ ਦਾ ਚੌਧਰੀ ਤੇ ਸਹੁਰਾ ਕੋਲ ਖਲੋਤਾ ਸੀ। ਅਸੀਂ ਤ੍ਰਿਆਂ ਦੇ ਸਾਹਮਣੇ ਵ ਅਜੇ ਤਕ ਜ਼ਬਾਨ ਨਹੀਂ ਖੋਲੀ। ਸਿਖੀ ਨੇ ਇਹਨੂੰ ਸਿਖਾਇਆ ਏ ਪ੍ਰਧਾਨ ਬਣਨਾਂ। ਜਾਤ ਦੀ ਕੋਹੜ ਕਿਲੀ ਛਤੀਰਾਂ ਨਾਲ ਜਫੇ।'

'ਮਾਤਾ ਜੀ'

ਬੀਬੀ ਦੀਪੋ ਕੜਕ ਕੇ ਬੋਲੀ ਤੇ ਚੁਪ ਹੋ ਗਈ ਉਸਨੇ ਆਪਣੇ ਆਪ ਤੇ ਕਾਬੂ ਪਾਇਆ। ਉਹ ਸਿਆਣੀ ਸੀ। ਕੀ ਉਹਮੱਤ ਨੂੰ ਕੁਟੇ? ਇਹ ਕਿਵੇਂ ਹੋ ਸਕਦਾ ਹ ਅੰਦਰ ਚਲੀ ਗਈ ਉਸਨੇ ਸਤਿਗੁਰੂ ਰੂਉਏ?

ਜੀ ਅਗੇ ਅਰਦਾਸ ਕੀਤੀ '...ਹੇ ਦਾਤਾ ! ਹੇ ਕਲਗੀਆਂ ਵਾਲੇ ਪਿਤਾ ! ਮੈਥੋਂ ਨਹੀਂ ਉਹ ਕੁਝ ਸੁਣਿਆ ਜਾਂਦਾ ਜੋ ਕੁਝ ਮੈਨੂੰ ਮਲੋ ਮਲੀ ਸੁਣਾਇਆ ਜਾ ਰਿਹਾ ਏ। ਮਿਹਰ ਕਰੋ। ਦਇਆ ਕਰੋ। ਹੇ ਪਿਤਾ ਮੈਂ ਆਪ ਦੇ ਦਰਸ਼ਨ ਜ਼ਰੂਰ ਕਰਨੇ ਹਨ।

ਉਸ ਦੀ ਸੱਸ ਚਰਖਾ ਕਤਦੀ ਹੋਈ ਬੁੜ ਬੁੜ ਕਰਦੀ ਰਹੀ। ਉਸ ਬੁਢੜੀ ਦੀ ਅਕਲ ਮਾਰੀ ਗਈ। ਉਹ ਦੀਪੋ ਨੂੰ ਸਮਝ ਨਾ ਸਕੀ। ਜਿਵੇਂ ਕਿਸੇ ਘੁਮਿਆਰ ਨੂੰ ਲਾਲ ਲੱਭਾ ਤਾਂ ਉਸ ਨੇ ਖੋਤੇ ਦੇ ਗਲ ਬੰਨ੍ਹ ਦਿਤਾ। ਉਸਨੂੰ ਪਛਾਣ ਨਹੀਂ ਸੀ। ਉਸ ਨੇ ਇਕ ਲਾਲ ਸਿੱਪ ਦਾ ਮਣਕਾ ਸਮਝਿਆ। ਤਿਵੇਂ ਉਹ ਬੁਢੜੀ ਦੀਪੋ ਨੂੰ ਸਾਧਾਰਨ ਨੂੰਹ ਸਮਝਦੀ ਰਹੀ। ਚੰਦਰੇ ਆਦਮੀਆਂ ਨੇ ਉਸ ਬੁਢੜੀ ਦੀ ਅਗਿਆਨਤਾ ਤੋਂ ਲਭ ਉਠਾਇਆ ਉਸ ਨੂੰ ਦੀਪੋ ਦੇ ਵਿਰੁਧ ਕਰ ਦਿਤਾ ਉਹ ਸੰਧਲਾ ਬੰਨ੍ਹ ਕੇ ਲੜਨ ਲਗੀ।

ਤਰਕਾਲਾਂ ਨੂੰ ਬਾਹਰੋਂ ਤੇਜ ਰਾਮ ਤੇ ਘਸੀਟਾ ਆਏ। ਉਨ੍ਹਾਂ ਦੇ ਰੋਟੀ ਖਾਣ ਤੋਂ ਪਹਿਲਾਂ ਹੀ ਮੂਰਖ ਤੀਵੀਂ ਨੇ ਲੜਾਈ ਦੀ ਗਲ ਛੇੜ ਦਿਤੀ। ਸਾਰੇ ਦਿਨ ਦੇ ਥੱਕੇ ਤੇ ਭੁਖੇ ਮਰਦ। ਉਨ੍ਹਾਂ ਨੂੰ ਪਾਣੀ ਵੀ ਨਾ ਪੀਣ ਦਿਤਾ।

ਵੇ ਪੁਤਰਾ ! ਇਸ ਆਪਣੀ ਸ਼ੇਰਨੀ ਵਹੁਟੀ ਨੂੰ ਸੰਭਾਲ' ਅਜ ਮੇਰਾ ਖ਼ੂਨ ਕਰ ਸੁਟਨ ਲਗੀ ਸੀਊ। ਇਹ ਤਾਂ ਭੁਖੀ ਸ਼ੇਰਨੀ ਆ ਸ਼ੇਰਨੀ। ...ਨਾਲੇ ਪੀਰਾਂ ਨੂੰ ਗਾਲਾਂ ਕਢੀਆਂ, ਜੇ ਮੈਂ ਰੋਕਿਆ ਤਾਂ ਮੇਰੇ ਗਲ ਪਈ, ਆਹੰਦੀ ਊ ਜਾਣਾ ਏ ਅਨੰਦਪੁਰ ਉਸ ਗੁਰੂ ਕੋਲ।'

ਦੀਪੋ ਚੌਂਤਰੇ ਵਿਚ ਬੈਠੀ ਰੋਟੀਆਂ ਪਕਾ ਰਹੀ ਸੀ। ਉਹ ਪਹਾੜ ਜਿਡਾ ਝੂਠ ਸੁਣ ਕੇ ਹੈਰਾਨ ਰਹਿ ਗਈ। ਉਸ ਨੇ ਜ਼ਬਾਨ ਨੂੰ ਮਸਾਂ ਰੋਕਿਆ ਉਹ ਕੰਮ ਕਰੀ ਗਈ। ਪਰ ਗੁਸੇ ਨਾਲ ਉਸ ਦੇ ਹੱਥ ਝੂਠੇ ਪੈ ਗਏ। ਸਰੀਰ ਕੰਬਣ ਲਗ ਪਿਆ।

ਮਾਂ ! ਮੈਂ ਕੀ ਕਰਾਂ, ਜੇ ਤੇਰੀ ਨਹੀਂ ਇਹਦੇ ਨਾਲ ਨਿਭਦੀ ਤਾਂ

ਮੈਂ ਇਸਦੇ ਪਿਓ ਨੂੰ ਸਦ ਲਿਆਉਂਦਾ ਆਂ ਸਵੇਰੇ ਉਸ ਦੇ ਨਾਲ ਤੋਰ ਦਿੰਦਾ ਆਂ। ਹੋਰ ਮੈਂ ਕੀ ਕਰਾਂ।

'ਤੋਰ ਦੇ ਮੈਂ ਆਪ ਘਰ ਦਾ ਓੜ ਮੋੜ ਕਰ ਲਿਆ ਕਰੂੰ। ਜੇ ਮੇਰੇ ਭਾਗਾਂ ਵਿਚ ਸੁਖ ਨਹੀਂ ਤਾਂ ਨਾ ਸਹੀ। ਅਗੇ ਕਿਹੜੇ ਮੈਂ ਇਸ ਦੇ ਮੁੰਡੇ ਖਿਡਾ ਰਹੀ ਆਂ। ਖਬਰੇ ਕੀ ਪੀਰਾਂ ਦੀ ਭੁਲ ਹੋਈ ਏ। ਕਲੇ ਰਹਿੰਦੀ ਏ ਤੇ ਹੱਥ ਪਿਛੇ ਨੂੰ ਜਾ ਰਿਹਾ ਏ। ਕਲੇ ਕਲੰਦਰ ਵਸੇ ਤਾਂ ਘੜਿਓਂ ਪਾਣੀ ਨਸੇ—ਹਾਕਮ ਬੀਬਾ ਚੰਗਾ ਸੀ, ਚੁਪ ਕਰ ਰਿਹਾ ਕਿਸੇ ਨੇਕ ਮਾਂ ਦਾ ਜਾਇਆ, ਜੇ ਕੋਈ ਹੋਰ ਹੁੰਦਾ ਤਾਂ ਹੁਣ ਨੂੰ ਸਾਰਾ ਪਿੰਡ ਬੇਹ ਹਇਆ ਹੂੰਦਾ।'

ਬੁਢੜੀ ਬੋਲੀ ਗਈ। ਦੀਪੋ ਕੋਲੋਂ ਰੋਟੀ ਨਾ ਪਕੀ। ਉਹਨੇ ਪੇੜਾ ਪਰਾਤ ਵਿਚ ਸੁਟ ਦਿਤਾ। ਉਹ ਮਨ ਦੇ ਜਜਲਿਆਂ ਨਾਲ ਘੁਲਦੀ ਰਹੀ।

ਬੁਢੜੀ ਨੇ ਸਾਰਿਆਂ ਦੀ ਰੋਟੀ ਖਰਾਬ ਕਰ ਦਿਤੀ। ਜਦੋਂ ਥਾਲੀਆਂ ਵਿਚ ਰੋਟੀ ਰਖ ਕੇ ਦੀਪੋ ਨੇ ਸਹੁਰੇ ਤੇ ਪਤੀ ਦੇ ਅਗੇ ਰਖੀ ਉਨ੍ਹਾਂ ਨੇ ਰੋਟੀ ਖਾਣ ਤੋਂ ਨਾਂਹ ਕਰ ਦਿਤੀ। ਦੀਪੋ ਨੇ ਆਪਣੇ ਆਪ ਤੇ ਕਾਬੂ ਪਾ ਕੇ ਕਿਹਾ—ਬਾਬੂ ਜੀ ਵਾਹਿਗੁਰੂ ਆਖ ਕੇ ਪ੍ਰਸ਼ਾਦ ਛਕੋ ਸਵੇਰੇ ਜਿਵੇਂ ਆਖੋਗੇ ਮੈਂ ਕਰਾਂਗੀ। ਮੈਂ ਤੁਸਾਂ ਦਾ ਹੁਕਮ ਕਦੀ ਨਹੀਂ ਮੋੜਦੀ। ਮਾਂ ਜੀ ਨੂੰ ਮੈਂ ਕੀ ਆਖਾਂ ਇਹ ਵਡੇ ਹਨ।'

'ਵਡਿਆਂ ਦਾ ਚੰਗਾ ਆਦਰ ਕਰਦੀ ਏ।'

ਉਸਦੀ ਸੱਸ ਚੁਪ ਨਾ ਰਹਿ ਸਕੀ।

ਘਸੀਟਾ ਤਾਂ ਰੋਟੀ ਖਾਣ ਲਗ ਪਿਆ ਪਰ ਤੇਜ ਰਾਮ ਨੇ ਥਾਲੀ ਪਰੇ ਕਰ ਦਿਤੀ ਤੇ ਉਠ ਕੇ ਬਾਹਰ ਚਲਾ ਗਿਆ, ਉਸਦੀ ਮਾਂ ਉਸਨੂੰ ਆਵਾਜ਼ਾਂ ਮਾਰਦੀ ਹੀ ਰਹਿ ਗਈ।

ਦੀਪੋ ਨੇ ਰੋਟੀ ਨਾ ਖਾਧੀ। ਚੌਂਕਾ ਸਾਂਭ ਕੇ ਉਹ ਆਪਣੇ ਮੰਜੇ ਉਤੇ ਜਾ ਲੇਟੀ। ਉਸਨੂੰ ਨੀਂਦ ਨਾ ਆਈ। ਅਧੀ ਰਾਤ ਨੂੰ ਤੇਜ ਰਾਮ ਆਇਆ ਉਹ ਅਜੇ ਜਾਗਦੀ ਸੀ' ਉਸਨੇ ਕਿਹਾ—'ਜੀ ! ਰੋਟੀ ਲਿਆਵਾਂ।'

'ਧੋਟੀ !' ਤੇਰੇ ਹਥੋਂ ਤਾਂ ਰੋਟੀ ਮਿਲਣੀ ਔਖੀ ਏ। ਤੂ ਤਾਂ ਹੁਣ ਸਤਿਸੰਗ ਹੀ ਕਰੇਂਗੀ।'

'ਦਓ ਜੀ ! ਮੈਂ ਤੁਸਾਂ ਨੂੰ ਕੀ ਆਖਦੀ ਹਾਂ। ਜੇ ਉਸ ਦਿਨ ਤਲਵਾਰ ਨਾ ਫੜਦੀ ਤਾਂ ਹਾਕਮ ਨੇ ਤੁਸਾਂ ਨੂੰ ਮਾਰਨਾ ਸੀ।'

ਤੇਰੇ ਕਰਕੇ ਹੀ ਨਾ।

'ਮੇਰਾ ਗੁਨਾਹ ਕੀ ! ਜੇ ਕਰਤਾਰ ਨੇ ਮੈਨੂੰ ਰੂਪ ਦਿਤਾ ਤਾਂ ਮੇਰਾ ਕੀ ਦੋਸ਼।'

'ਤੇਰਾ ਦੋਸ਼ ਕੀ ! ਦੋਸ਼ ਤਾਂ ਅਸਾਡਾ ਜਿਨ੍ਹਾਂ ਦੇ ਘਰ ਕਲ ਆ ਵੜੀ। ਲੋਕ ਗਲਾਂ ਕਰਦੇ ਹਨ।'

'ਕੀ ਮੈਂ ਮਾੜੀ ਆਂ ?'

'ਮਾੜੀ ਨਹੀਂ ! ਤੂ ਚੰਗੀ ਬਣਕੇ ਪਿੰਡ ਨੂੰ ਤਬਾਹ ਕਰਨ ਲਗੀ ਸੀ। ਹਾਕਮ ਤੇਰਾ ਪਿਛਾ ਕਰ ਰਿਹਾ ਏ। ਉਸਨੇ ਕਈਆਂ ਕੋਲੋਂ ਮੈਨੂੰ ਅਖਵਾਇਆ ਏ ਕਿ ਤੈਨੂੰ ਹਾਕਮ ਦੇ ਹਵਾਲੇ ਕਰ ਦੇਵਾਂ। ਉਹ ਜ਼ਰੂਰ ਇਕ ਦਿਨ ਅਤ ਕਰੇਗਾ।'

'ਤੁਸਾਂ ਕੀ ਫੈਸਲਾ ਕੀਤਾ ਏ।'

'ਮੈਂ ਤੈਨੂੰ ਤੇਰੇ ਪੇਕੇ ਛਡ ਆਉਣਾ ਚਾਹੁੰਦਾ ਹਾਂ।'

'ਮੇਰੀ ਤੁਸੀ ਰਾਖੀ ਨਹੀਂ ਕਰ ਸਕਦੇ !'

'ਮੈਂ ਹਾਕਮਾਂ ਨਾਲ ਟਕਰ ਕਿਵੇਂ ਲਵਾਂ।'

'ਇਹ ਗਲ ਏ, ਉਸ ਹਾਕਮ ਨੂੰ ਛਪੜੋਂ ਮੂੰਹ ਧੋਣਾ ਚਾਹੀਦਾ ਏ। ਮੈਂ ਤੇ ਉਸਦੇ ਡਕਰੇ ਕਰ ਸੁਟਾਂਗੀ। ਕਿਸੇ ਦੀ ਕੀ ਮਜਾਲ ਕਿ ਮੇਰੇ ਵਲ ਨਿਗਾਹ ਕਰਕੇ ਵੇਖੇ ; ਸਤਿਗੁਰੂ ਜੀ ਮੇਰੇ ਅੰਗ ਸੰਗ ਹਨ। ਤੁਸੀਂ ਮਰਦ ਬਣੋ। ਹੌਂਸਲਾ ਨਾ ਹਾਰੋ। ਮੇਰੇ ਨਾਲ ਸਤਿਗੁਰੂ ਜੀ ਕੋਲ ਚਲੋ। ਤੁਸਾਂ ਦੇ ਜੀਵਨ ਵਿਚ ਪਲਟਾ ਆਏ।'

ਤੇਜ ਰਾਮ ਚੁਪ ਹੋ ਗਿਆ। ਉਸਨ ਕੋਈ ਉਤਰ ਨਾ ਦਿਤਾ, ਲੋਕਾਂ ਨੇ ਉਸਨੂੰ ਡਰਾ ਦਿਤਾ ਸੀ। ਜਿਵੇਂ ਸੂਰਜ ਦੀ ਤੇਜ ਰੋਸ਼ਨੀ ਦੇ ਸਾਹਮਣੇ

ਉਲੂ ਦੀਆਂ ਅੱਖਾਂ ਲਗਾਂ ਖੁਲਦੀਆਂ ਤਿਵੇਂ ਨਾਸਰ ਅਲੀ ਦੀਪੋ ਦੇ ਸਨਮੁਖ ਤਾਂ ਵਧ ਘਟ ਗਲ ਨਾ ਕਰ ਸਕਿਆ, ਪਰ ਦੂਰ ਦੂਰ ਰਹਿਕੇ ਲੋਕਾਂ ਦੋਰਾਹੀ ਤੇਜ ਰਾਮ ਨੂੰ ਦਬਾਉਣ ਲਗਾ, ਤੇਜ ਰਾਮ ਡਰ ਗਿਆ।

੧੩.

ਅਰਬ ਤੇ ਮਿਸਰ ਦੇ ਕੁਝ ਇਲਾਕਿਆਂ ਵਿਚ ਜਿਵੇਂ ਨਿਰੀ ਰੇਤ ਦੇ ਵੈਸ਼ਾਲ ਟਿਬੇ ਤੇ ਖੁਲੇ ਮੈਦਾਨਾਂ ਵਿਚ ਕਿਤੇ ਥੋੜੀ ਜਿਹੀ ਧਰਤੀ ਐਸੀ ਹੁੰਦੀ ਹੈ ਜਿਥੇ ਸੀਤਲ ਜਲ ਹਰ ਭਰੇ ਬ੍ਰਿਛਾਂ ਦੀ ਠੰਡੀ ਛਾਂ ਵੀ ਹੁੰਦੀ ਹੈ ਤਿਵੇਂ ਤਲਬਨ ਪਿੰਡ ਦੇ ਸਾਰੇ ਮਨਮਤੀਏ ਤੇ ਸੁਲਤਾਨੀਏ ਤੇ ਸੁਲਤਾਨੀਏ ਵਸਨੀਕਾਂ ਵਿਚ ਦੋ ਰੂਹਾਂ ਐਸੀਆਂ ਸਨ ਜਿਹੜੀਆਂ ਗੁਰ ਘਰ ਨਾਲ ਪਿਆਰ ਕਰਦੀਆਂ ਸਨ। ਉਹ ਇਕ ਬੀਬੀ ਦੀਪੋ ਤੇ ਦੂਸਰੀ ਮਾਈ ਗੇਜੋ।

ਮਾਈ ਗੇਜੋ ਵਿਧਵਾ ਸੀ। ਉਸਦੀ ਇਕੋ ਇਕ ਲੜਕੀ ਸੀ; ਜੋ ਆਪਣੇ ਸਹੁਰੇ ਘਰ ਸੁਖੀ ਵਸਦੀ ਸੀ। ਗੇਜੋ ਦੀ ਉਮਰ ਉਸ ਲੇਲੇ ਸੱਠ ਸਾਲ ਦੇ ਲਗ-ਭਗ ਸੀ ਪਰ ਸਰੀਰ ਵਿਚ ਦਸ ਵੀਹ ਕੁਹ ਪੰਧ ਕਰ ਸਕਣ ਦਾ ਬਲ ਸੀ। ਤਲਬਨ ਦੇ ਨਾਸਤਕ ਮਾਹੂ ਬੱਲ ਵਿਚ ਦੀਪੋ ਜਦੋਂ ਵੀ ਘਬਰਾਉਂਦੀ ਤਾਂ ਉਹ ਮਾਈ ਗੇਜੋ ਕੋਲ ਜਾ ਬੈਠਦੀ ਜਾਂ ਉਸਨੂੰ ਘਰ ਸੱਦ ਲੈਂਦੀ।

ਉਹ ਦਿਨ ਨੇੜੇ ਆ ਗਏ ਜਦੋਂ ਤਲਬਨ ਦੇ ਲਾਗਿਓਂ ਦੀ ਸ੍ਰੀ ਅਨੰਦ ਪੁਰ ਨੂੰ ਸਿਖ-ਸੰਗਤਾਂ ਦੇ ਜਥੇ ਲੰਘਣੇ ਸੀ। ਉਸ ਵੇਲੇ ਬਹੁਤਾ ਪੰਧ ਪੈਦਲ ਕੀਤਾ ਜਾਂਦਾ ਸੀ, ਤਾਂ ਕਿ ਮਾੜੇ ਤਕੜੇ ਰਲ ਕੇ ਤੁਰ ਜਾਣ। ਉਸ ਸਮੇਂ ਦੇ ਲੋਕਾਂ ਦਾ ਵਿਸ਼ਵਾਸ ਵੀ ਸੀ ਕਿ ਜੇ ਕਿਸੇ ਧਾਰਮਕ ਥਾਂ ਦੀ ਪੈਦਲ ਯਾਤਰਾ ਹੋਏ ਤਾਂ ਬਹੁਤਾ ਫਲ ਪ੍ਰਾਪਤ ਹੁੰਦਾ ਸੀ।

ਮਾਈ ਗੇਜੋ ਨੇ ਦੀਪੋ ਨੂੰ ਆਪਣੇ ਘਰ ਸਦਿਆ। ਘਰ ਸਦ ਕੇ ਪੜਦੇ ਨਾਲ ਆਖਿਆ—'ਕਲ ਬਾਰਾਂ ਵਜੇ ਤਾਰਾ ਗੜ੍ਹ ਦੇ ਪਹਿ ਮਾੜੇ ਦੀ

ਸਿਖ ਸੰਗਤ ਆਉਣੀ ਏ। ਅਜ ਉਹ ਰਹਿਮ ਪੁਰ ਦੀ ਸਰਾਂ ਵਿਚ ਹੈ। ਵੇਖਣ ਜੇ ਚਲਣਾ ਏ ਤਾਂ ਤਾਰਾ ਗੜ ਦੇ ਪਹਿ ਉਤੇ ਜਾ ਕੇ ਖਲੋ ਜਾਈਏ। ਮੈਂ ਤਾ ਤਿਆਰ ਆਂ। ਤੇਰਾ ਹੀ ਡਰ ਹੈ ਕਿ ਤੇਰੀ ਸੱਸ ਕੀ ਪਤਾ ਜਾਣ ਦੇਵੇ ਕਿ ਨਾ।'

'ਵੇਖੋ ਮਾਂ ਜੀ! ਮੇਰੇ ਮਾਤਾ ਜੀ ਵੀ ਸ਼ਾਇਦ ਇਸੇ ਸੰਗ ਨਾਲ ਆਉਨ। ਮੈਂ ਤਾਂ ਜ਼ਰੂਰ ਜਾਣਾ ਏ। ਸਤਿਗੁਰੂ ਜੀ ਦਾ ਹੁਕਮ ਮੰਨਣਾ ਸਿਖ ਦਾ ਪਹਿਲਾ ਧਰਮ ਏ। ਜ਼ਿੰਦਗੀ ਦਾ ਕੀ ਭਰੋਸਾ। ਦੁਨੀਆਂ ਦੇ ਲੋਕ ਮਤਲਬੀ ਤੇ ਡਰਾਕਲ ਹਨ। ਜਾਨਾਂ ਤੇ ਦੌਲਤ ਪਿਆਰੀ ਏ। ਧਰਮ ਦੀ ਕਦਰ ਨਹੀਂ ਜਾਣਦਾ ਕੋਈ। ਮੁਸਲਮਾਨ ਹਾਕਮਾਂ ਕੋਲੋਂ ਡਰਦੇ ਹੋਏ ਸੁਲਤਾਨੀਏ ਪੀਰ ਨੂੰ ਮੰਨਦੇ ਤੇ ਮੁਸਲਮਾਨੀ ਨੇਮ ਕਰਦੇ ਨੇ। ਹਿੰਦੂ ਧਰਮ ਤੇ ਵੇਦ-ਸ਼ਾਸਤਰ ਦੀ ਮਰਯਾਦਾ ਨੂੰ ਛਡ ਚੁਕੇ ਹਨ। ਮਲੇਛਾਂ ਦੀ ਬੋਲੀ ਬੋਲਦੇ ਹੋਏ ਸ਼ਰਮਾਉਂਦੇ ਨਹੀਂ। ਮੇਰੀ ਸੱਸ ਜਿੱਦੇ ਚੜ੍ਹੀ ਹੋਈ ਹੈ ਕਿ ਮੈਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਨਾ ਜਾਵਾਂ। ਦੂਸਰਾ ਉਨ੍ਹਾਂ ਦੀ ਨੀਤ ਚੰਗੀ ਨਹੀਂ। ਉਹ ਪੁਤਰ ਦਾ ਹੋਰ ਵਿਆਹ ਕਰਨ ਤੇ ਤੁਲੀ ਹੋਈ ਏ। ਮੈਥੋਂ ਚੋਰੀ ਚੋਰੀ ਬੁਕਲ ਵਿਚ ਰੋੜੀ ਭੰਨਣਾ ਚਾਹੁੰਦੇ ਹਨ।'

'ਇਹ ਤਾਂ ਹਨੇਰ ਏ।'

'ਕੀ ਦਸਾਂ ਮਾਂ—ਪੂਰੇ ਛੇ ਮਹੀਨੇ ਹੋ ਗਏ ਨੇ ਗਲਾਂ ਸੁਣਦੀ ਨੂੰ। ਸਤਿਗੁਰ ਜੀ ਦੀ ਨਿੰਦਾ ਕਰਦੇ ਨਹੀਂ ਥਕਦੇ। ਪਤਾ ਨਹੀਂ ਇਨ੍ਹਾਂ ਦਾ ਕਿਹੜੇ ਯੁਗ ਭਲਾ ਹੋਏਗਾ।'

'ਚੰਗਾ ਫਿਰ! ਕਲ ਨੂੰ ਦੁਪਹਿਰੇ ਪਹਿ ਤੇ ਕਲ ਖਲੋਵੀਂ। ਮੈਂ ਵੀ ਉਥੇ ਹੋਵਾਂਗੀ। ਘਰੋਂ ਇਕਠੀਆਂ ਨਹੀਂ ਤੁਰਨਾ—ਲੋਕਾਂ ਦੇ ਆਨੇ ਪਾਟ ਜਾਣਗੇ। ਨਿਕੀਆਂ ਨਿਕੀਆਂ ਛੋਕਰੀਆਂ ਵੀ ਮਾਣ ਨਹੀਂ ਉਹ ਵੀ ਅਨਹੋਣੀਆਂ ਗਲਾਂ ਕਰਦੀਆਂ ਹਨ।'

'ਕੀ ਦਸਾਂ ਅਗਿਆਨਤਾ ਦੇ ਕਾਰਨ ਹਰ ਜਨਾਨੀ ਦੀ ਜ਼ਬਾਨ ਦੋ ਦੋ ਗਿੱਠਾਂ ਵਧੀ ਹੋਈ ਏ। ਨਾ ਸੰਗ ਨਾ ਸਮਝ। ਜੋ ਮੂੰਹ ਆਇਆ ਬੋਲੀ ਜਾਂਦੀਆਂ ਹਨ।'

'ਦਫਾ ਕਰ ਧੀਏ ! ਕਦੀ ਤਾਂ ਸਤਿਗੁਰੂ ਇਨ੍ਹਾਂ ਨੂੰ ਸੁਮਤਿ ਬਖਸ਼ੇਗਾ ਆਪੇ ਅਕਲ ਆ ਜਾਣੀ ਏ। ਤੂੰ ਦੇਖੀਂ ਥੋਹੜੇ ਦਿਨਾਂ ਨੂੰ ਘਰ ਘਰ ਸਤਿਗੁਰੂ ਜੀ ਦੇ ਨਾਮ ਦਾ ਜਸ ਹੋਏਗਾ.'

ਬੀਬੀ ਦੀਪੋ ਆਪਣੇ ਘਰ ਨੂੰ ਆ ਗਈ। ਉਸਦੀ ਸੱਸ ਘਰ ਨਹੀਂ ਸੀ। ਉਸਨੇ ਆਪਣੇ ਜੋੜੇ ਹੋਏ ਰੁਪਏ ਗਿਣੇ। ਉਹ ਧਾਰਾਂ ਰੁਪਏ ਸਨ। ਉਸ ਵੇਲੇ ਧਾਰਾਂ ਰੁਪਏ ਦੀ ਕੀਮਤ ਧਾਰਾਂ ਵਾਹਾਂ ਸੀ। ਭਾ ਸਸਤੇ ਸਨ। ਚਾਂਦੀ ਦੇ ਰੁਪਏ ਉਸਨੇ ਇਕ ਲੰਮੀ ਟਾਕੀ ਵਿਚ ਪਾ ਕੇ ਪਹਿਲਾ ਹੀ ਲੱਕ ਨਾਲ ਬੰਨ੍ਹ ਤੇ ਆਪਣੀ ਕ੍ਰਿਪਾਨ ਤੇ ਛੋਟੀ ਖੰਜਰ ਨੂੰ ਕਬਜ਼ੇ ਕਰ ਲਿਆ। ਇਹੋ ਚੀਜ਼ਾਂ ਉਸਨੂੰ ਪਿਆਰੀਆਂ ਸਨ। ਤਲਵਾਰ ਉਸਦੇ ਜੀਵਨ ਦਾ ਸਹਾਰਾ ਸੀ। ਤਲਵਾਰ ਦੇ ਕੋਲ ਹੁੰਦਿਆਂ ਹੋਇਆਂ ਉਹ ਵਡੇ ਤੋਂ ਵਡੇ ਲਾਟ ਦੀ ਪ੍ਰਵਾਹ ਨਹੀਂ ਸੀ ਕਰਦੀ। ਇਕ ਤਲਵਾਰ, ਦੂਜਾ ਅਕਾਲ ਪੁਰਖ ਅਤੇ ਤੀਸਰਾ ਸਤਿਗੁਰੂ ਓਸਦਾ ਆਸਰਾ ਸੀ।

ਬੀਬੀ ਦੀਪੋ ਦੀ ਰਾਤ ਬਹੁਤ ਮੁਸ਼ਕਲ ਨਿਕਲੀ। ਮਨ ਵਿਚ ਖੁਸ਼ੀ ਤੇ ਵਿਚਾਰਾਂ ਰਹੀਆਂ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰੇਗੀ। ਸਤਿਗੁਰੂ ਜੀ ਉਚੇਚਾ ਮੇਲਾ ਕਰ ਰਹੇ ਹਨ। ਪਤਾ ਨਹੀਂ ਕੀ ਚੋਜ ਕਰਨਾ ਏ। ਉਹ ਆਪਣੀ ਮਾਤਾ ਨੂੰ ਮਿਲੇਗੀ। ਸ਼ਾਇਦ ਉਸ ਦਾ ਵੀਰ ਤੇ ਪਿਤਾ ਵੀ ਆਉਣ ਆਦਿਕ ਵਿਚਾਰ ਸਨ।

ਅਗਲੇ ਦਿਨ ਸਤਿਗੁਰ ਜੀ ਨੇ ਢੋ ਬਣਾ ਦਿਤਾ। ਸਾਰਾ ਟਬਰ ਖੇਤਾਂ ਨੂੰ ਚਲਾ ਗਿਆ। ਸਰੋਂ ਪੁਟ ਕੇ ਲਿਆਉਣੀ ਸੀ। ਬੀਬੀ ਦੀਪੋ ਦੀ ਸੱਸ ਇਸ ਵਿਚਾਰ ਨਾਲ ਗਈ ਖੇਤਾਂ ਨੂੰ ਕਿ ਉਹ ਸਾਗ ਤੋੜ ਕੇ ਲਿਆਏਗੀ। ਤੁਰਿਆ ਜਾ ਰਿਹਾ ਸਾਗ ਹੋਰ ਦੋ ਦਿਨ ਖਾ ਲੈਣ।

ਬੀਬੀ ਦੀਪੋ ਨੂੰ ਧਰਮ ਅਤੇ ਸਤਿਗੁਰੂ ਜੀ ਦਾ ਪਰੇਮ ਦੀ ਪਾਲਨਾ ਕਰਨ ਹਿਤ ਮਨਮਤੀਏ ਪਤੀ ਦੀ ਆਗਿਆ ਦਾ ਵੀ ਉਲੰਘਨ ਕਰਨਾ ਪਿਆ। ਤੇਜ ਰਾਮ ਵੀ ਆਪਣੀ ਮਾਂ ਦੇ ਪਿਛੇ ਲਗ ਕੇ ਆਖਦਾ ਸੀ—'ਕੋਈ ਲੋੜ ਨਹੀਂ ਅਨੰਦ ਪੁਰ ਜਾਣ ਦੀ।'

ਬੀਬੀ ਦੀਪੋ ਨੇ ਸਤਿਗੁਰੂ ਜੀ ਦੇ ਚਰਨ ਕਮਲਾਂ ਦਾ ਧਿਆਨ ਧਰ

ਕੇ ਅਰਦਾਸਾ ਸੋਧਿਆ। ਇਕ ਖੇਸ ਚੁਕਿਆ। ਤਲਵਾਰ ਤੇ ਖੰਜਰ ਲੈ ਕੇ ਘਰੋਂ ਨਿਕਲੀ। ਘਰ ਦਾ ਬੂਹਾ ਬੰਦ ਕਰਕੇ ਕੁੰਜੀ ਗੁਆਂਢਣ ਨੂੰ ਫੜਾ ਦਿਤੀ ਉਸ ਨੂੰ ਕਿਹਾ–'ਮੇਰੀ ਸੱਸ ਆਏ ਦਸ ਦੇਵੀਂ, ਦੀਪੋ ਸੰਗ ਨਾਲ ਅਨੰਦਪੁਰ ਨੂੰ ਗਈ ਹੈ। ਵਿਸਾਖੀ ਤੋਂ ਪਿਛੋਂ ਮੁੜੇਗੀ।'

ਗੁਆਂਢਣ ਨੇ ਵਾਧੂ ਗਲ ਕੋਈ ਨਾ ਪੁਛੀ ਤੇ ਨਾ ਕੀਤੀ। ਉਸਨੇ ਚੁਪ ਕਰਕੇ ਕੁੰਜੀ ਰਖ ਲਈ ਤੇ ਘਰੋਂ ਤੁਰਦੀ ਦੀਪੋ ਵਲ ਦੇਖਦੀ ਰਹੀ।

ਬੀਬੀ ਦੀਪੋ ਇਕਲੀ ਹੀ ਤੁਰੀ ਗਈ। ਪਿੰਡ ਦੇ ਕਿਸੇ ਨੇ ਉਸ ਨੂੰ ਨਾ ਰੋਕਿਆ ਤੇ ਨਾ ਟੋਕਿਆ। ਢਾਈ ਕੋਹ ਪੰਧ ਕਰਕੇ ਰਾਜੇ ਦੇ ਦਸੇ ਪਹਿ ਉਤੇ ਪੁਜ ਗਈ। ਉਹ ਪਹਿਆ ਪੁਰਾਣੇ ਸਮੇਂ ਦੀ ਕੱਚੀ ਸੜਕ ਸੀ। ਕਿਤਿਉਂ ਨੀਵੀਂ ਸੀ ਕਿਤਿਉਂ ਉਚੀ ਕਿਤਿਉਂ ਚੌੜੀ ਤੇ ਕਿਤਿਉਂ ਸੌੜੀ। ਉਸ ਦਿਆਂ ਪਾਸਿਆਂ ਦੀਆਂ ਵਟਾਂ ਉਤੇ ਅਕ, ਮਲ੍ਹੇ ਤੇ ਛਿਤਰ ਠੋਹਰਾਂ ਸਨ। ਸਭ ਮੁਚ ਹੀ ਉਜਾੜ ਸੀ। ਬਹੁਤ ਦੂਰ ਕਿਤੇ ਕੋਈ ਬੰਦਾ ਕਣਕ ਦੇ ਖੇਤ ਵਿਚੋਂ ਸਰ੍ਹੋਂ ਦੇ ਹਰੇ ਬੂਟੇ ਪੁਟਣ ਦਾ ਯਤਨ ਕਰ ਰਿਹਾ ਸੀ। ਕਣਕਾਂ ਨੂੰ ਦਾਣਿਆਂ ਵਾਲੇ ਸਿਟੇ ਸਨ ਤੇ ਛੋਲੀਆ ਖਾਣ ਵਾਲਾ ਹੋ ਚੁਕਾ ਸੀ। ਚੋਗਿਰਦੇ ਦੂਰ ਤਕ ਹਰਿਆਵਲ ਹੀ ਹਰਿਆਵਲ ਨਜ਼ਰੀ ਪੈਂਦਾ ਸੀ।

ਉਚੀ ਵਟ ਉਤੇ ਖਲੋ ਕੇ ਦੀਪੋ ਉਤਰ ਦਖਣ ਵਲ ਦੇਖਣ ਲਗੀ ਕਿ ਕਿਤ ਸੰਗ ਦੇ ਆਉਣ ਦੇ ਨਿਸ਼ਾਨ ਮਿਲਣ। ਦੂਰ ਤੋਂ ਉਸ ਨੂੰ ਧੂੜ ਉਪਰ ਉਠਦੀ ਦਿਖਾਈ ਦਿਤੀ–'ਜਰੂਰ ਸੰਗ ਈ ਆ ਰਿਹਾ ਏ। ਹੋਰ ਭਲਾ ਕਿਸਦੇ ਤੁਰਨ ਨਾਲ ਧੂੜ ਉਡ ਸਕਦੀ ਏ? ਪਸ਼ੂਆਂ ਦੇ ਵਗ ਛਿੜਨ ਦਾ ਤਾਂ ਵੇਲਾ ਕੋਈ ਨਹੀਂ। ਧੰਨ ਮੇਰੇ ਸਤਿਗੁਰੂ! ਮੈਂ ਬਲਿਹਾਰੇ ਜਾਵਾਂ ਉਨ੍ਹਾਂ ਰਾਹਾਂ ਤੋਂ ਜਿਨ੍ਹਾਂ ਰਾਹਾਂ ਤੇ ਗੁਰਸਿਖ ਤੇ ਸੰਗਤ ਪੈਦਲ ਤੁਰ ਕੇ ਗੁਰ-ਦਰਸ਼ਨਾਂ ਵਾਸਤੇ ਯਾਤਰਾ ਕਰਦੀ ਏ।'– 'ਲੈ ਮੂੜ ਮੁਖ ਲਾਵਾਂ ਤੇਰੀਆਂ ਸੰਗਤਾਂ ਦੀ' ਖੁਸ਼ੀ ਵਿਚ ਦੀਪੋ ਦੀ ਆਤਮਾ ਬੋਲੀ ਗਈ। ਪਿਛਲੀ ਤੁਕ ਤਾਂ ਉਸ ਨੇ ਜੋਟੀਆਂ ਦੇ ਸ਼ਬਦ ਦੀ ਧਾਰਨਾ ਤੇ ਗਾ ਦੀ।

ਜਿਹੜੇ ਮਾਰਨਾ ਜਾਣਦੇ ਤੇ ਮਰਨਾ ਚਾਹੁੰਦੇ ਹਨ ਉਹ ਮਰਦੇ ਨਹੀਂ ਤੇ ਜਿਹੜੇ ਮੌਤ ਤੋਂ ਡਰਦੇ ਹਨ, ਉਹ ਮਰਦੇ ਹਨ। ਇਹ ਕੁਦਰਤ ਦਾ ਅਟਲ ਨੇਮ ਹੈ। ਸੰਸਾਰ ਇਤਿਹਾਸ ਦੇ ਵਰਕਿਆਂ ਦੇ ਵਰਕੇ ਇਸ ਵਾਕ ਦੀ ਪਰੌੜਤਾ ਕਰਦੇ ਹਨ। ਬਕਰੇ ਰੋਜ਼ ਕੁਰਬਾਨ ਹੁੰਦੇ ਹੈਨ। ਮਨੁਖ ਦੀ ਖੁਰਾਕ ਬਣਦੇ ਹਨ, ਫਿਰ ਵੀ ਉਹ ਮੁਕਦੇ ਨਹੀਂ। ਉਨ੍ਹਾਂ ਦੇ ਇਜੜਾਂ ਦੇ ਇਜੜ ਧਰਤੀ ਉਤੇ 'ਮੈਂ ਮੈ,' ਕਰਦੇ ਫਿਰਦੇ ਹਨ। ਪਰ ਕੁਤੇ ਮਰਦੇ ਨਹੀਂ—ਲੋਕਾਂ ਨੂੰ ਵਢਦੇ ਹਨ ਤੇ ਸ਼ੈਤਾਨ ਦਾ ਖ਼ੂਨ ਹਨ-ਉਨਾਂ ਦੇ ਵਗ ਨਹੀਂ ਫਿਰਦੇ। ਠੀਕ ਇਸੇ ਤਰਾਂ ਧਰਮੀਆਂ ਪੁਰਸ਼ਾਂ ਦਾ ਹਾਲ ਹੈ। ਉਹ ਧਰਮ, ਅਣਖ, ਤੇ ਪਿਆਰ ਬਦਲ ਸਦਾ ਮਰਨਾ ਚਾਹੁੰਦੇ ਹਨ, ਪਰ ਉਹ ਮਰਦੇ ਨਹੀਂ-ਉਹ ਮਰ ਕੇ ਵੀ ਅਮਰ ਹੋ ਜਾਂਦੇ ਹਨ। ਧਰਮ ਹੀਣਾ ਦੁਰਾਚਾਰੀ ਤੇ ਲਾਲਚੀ ਪੁਰਸ਼ ਮੌਤ ਕੋਲੋਂ ਡਰਦੇ ਹਨ। ਉਹ ਕੁਤੇ ਦੀ ਤਰਾਂ ਦੁਰਕਾਰੇ ਜਾਂਦੇ ਤੇ ਕੀੜੇ ਪੈ ਕੇ ਮਰਦੇ ਹਨ।

ਮਾਰ ਕੇ, ਬੁਕਲ ਦੇ ਹੇਠਾਂ ਤਲਵਾਰ ਕਜੀ _ਦੇ ਟਿਬੇ ਖਲੋਤੀ ਰੇਤ ਦੀ ਨਿੱਘੀ ਧੁਪ ਉਸਦੇ ਚਿਹਰੇ ਤੇ ਪੈ ਰਹੀ ਸੀ ਤੇ ਆਤਮਾ ਸਤਿਗੁਰੂ ਜੀ ਦੇ ਪਿਆਰ ਤੇ ਦਰਸ਼ਨ ਚਾਅ ਨਾਲ ਪ੍ਰਸੰਨਤਾ ਦੇ ਨਿੱਘ ਨਾਲ ਗਰਮਾਈ ਜਾ ਰਹੀ ਸੀ। ਗੁਰੂ ਪ੍ਰੇਮੀ ਦੂਰ ਸਨ। ਉਨ੍ਹਾਂ ਦੇ ਪਹਿਲਾਂ ਕੁਸੰਗੀ, ਦੁਰਾਚਾਰੀ, ਪ੍ਰਜਾ ਦੇ ਵੈਰੀ ਮੁਗਲ ਆ ਗਏ। ਜਿਹੜੇ ਪ੍ਰਜਾ ਦੀ ਰਾਖੀ ਦੇ ਬੁਰਕੇ ਹੇਠਾਂ ਮਾਸੂਮਾਂ ਦਾ ਸ਼ਿਕਾਰ ਖੇਡਦੇ ਫਿਰਦੇ ਸਨ ਤੇ ਸਰਕਾਰੀ ਕਾਨੂੰਨ ਤੇ ਬਾਦਸ਼ਾਹੀ ਹੁਕਮ ਦੀ ਆੜ ਲੈ ਕੇ ਪਜਾ ਦੀ ਪੂੰਜੀ ਲੁਟਦੇ ਫਿਰ ਸਨ। ਉਨ੍ਹਾਂ ਵਿਚੋਂ ਦੋ ਬੰਦੇ ਐਸੇ ਸਨ, ਜਿਹੜੇ ਦੀਪੇ ਨੂੰ ਜਾਣਦੇ ਸਨ ਕਿਉਂਕਿ ਉਹ ਪਹਿਲੇ ਦਿਨ ਨਾਸਰ ਨਾਲ ਤਲਬਨ ਆਏ ਸੀ।

ਹਾਕਮ ਦੇ ਨਾਲ ਛੇ ਪਿਆਦੇ ਸਨ। ਹਾਕਮ ਘੋੜੀ ਤੇ ਸੀ। ਉਹ ਪੈਦਲ। ਹਥਿਆਰ ਉਨ੍ਹਾਂ ਦੇ ਕੋਲ ਸਨ। ਉਹ ਲਾਗਿਓਂ ਦੀ ਲੰਘੇ। ਸਾਰਿਆਂ ਨੇ ਨਿਗਾਹ ਭਰ ਕੇ ਦੀਪੇ ਵਲ ਦੇਖਿਆ। ਦੀਪੇ ਨੇ ਮੂੰਹ ਪਾਸੇ ਕਰਨ ਦਾ ਯਤਨ ਕੀਤਾ। ਪਰ ਮੁਗਲਾਂ ਦੀ ਤੇਜ਼ ਨਿਗਾਹ ਤਾੜ ਗਈ।

ਉਹ ਅਗੋ ਲੰਘ ਤੁਰੇ ਪੈਲੀ ਕੁ ਦੀ ਵਾਟ ਦੇ ਗਏ ਹੋਣਗੇ ਕਿ ਖਲੋ ਗਏ।
ਇਕ ਪਿਆਦੇ ਨੇ ਹਾਕਮ ਨੂੰ ਕਿਹਾ—'ਸਰਕਾਰ! ਏਹੋ ਤਾਂ ਹੂਰ ਏ ਜਿਸ ਤੇ ਨਵਾਬ ਨਾਸਰ ਅਲੀ ਲਟੂ ਹੋਇਆ ਫਿਰਦਾ ਏ।'

'ਹੈਂ! ਇਹੋ! ਇਥੇ ਇਕੱਲੀ ਕਿਉਂ ਖਲੋਤੀ ਏ।'

'ਖੁਦਾ ਦੀ ਕੁਦਰਤ, ਸ਼ਾਇਦ ਸਰਕਾਰ ਬਦਲੇ ਈ। ਅਜ ਸ਼ਿਕਾਰ ਤਾਂ ਆਪ ਨੂੰ ਕੋਈ ਮਿਲਿਆ ਨਹੀਂ ਤੇ ਖਾਲੀ ਹੱਥ ਜਾਣਾ ਵੀ ਮੁਗਲ ਦਾ ਕੰਮ ਨਹੀਂ। ਹਾਂ—ਪਰ ਹੈ ਹੂਰ ਬਲ ਵਾਲੀ। ਕਰੜੇ ਹੱਥ ਪਾਉਣੇ ਪੈਣਗੇ।'

'ਮੈਂ ਵੇਖਦਾ ਆਂ।'

ਇਹ ਆਖ ਕੇ ਹਾਕਮ ਪਿਛੇ ਮੁੜ ਪਿਆ। ਦੀਪੋ ਦੇ ਨੇੜੇ ਘੋੜਾ ਖੜਕੇ ਬੋਲਿਆ:—

'ਤੂ ਕੌਣ ਏਂ?'

'ਆਪਣੇ ਮਾਂ-ਬਾਪ ਦੀ ਬੇਟੀ।'

ਦੀਪੋ ਨੇ ਦਲੇਰੀ ਨਾਲ ਉਤਰ ਦਿਤਾ।

'ਤੇਰਾ ਨਾਂ।'

'ਦੀਪੋ।'

'ਰਹਿਣ ਵਾਲੀ।'

'ਤਲਬਨ ਪਿੰਡ ਦੀ।'

'ਹੂੰ! ਤੂੰ ਈ ਗੁਰੂ ਦੀ ਚੇਲੀ ਤੇ ਮੁਗਲ ਹਕੂਮਤ ਦੇ ਵਿਰੁਧ ਬਗਾਵਤ ਕਰਨ ਵਾਲੀ ਏਂ। ਬਾਦਸ਼ਾਹੀ ਹੁਕਮ ਹੈ।'

'ਕੀ?'

'ਤੈਨੂੰ ਫੜ ਕੇ ਜਲੰਧਰ ਭੇਜਣ ਦਾ।'

'ਉਹ ਫੁਰਮਾਨ ਮੇਰੇ ਫੜਨ ਦਾ ਜਾਂ ਤੇਰੀ ਮੌਤ ਦਾ।'

'ਮਤਲਬ।'

ਆਪਣੇ ਰਾਹ ਪਉ, ਮੌਤ ਨੂੰ ਸੱਦਾ ਨਾ ਦੇ।

'ਤੂੰ ਮੌਤ ਏਂ।

'ਦੁਸ਼ਟਾਂ ਤੇ ਝੂਠਿਆਂ ਦੀ।'

'ਨਾਸਰ ਅਲੀ ਮੌਤ ਨਾਲ ਇਸ਼ਕ ਕਰਦਾ ਏ।'

'ਇਸ਼ਕ ਦੀ ਦਵਾ ਕਰ।'

'ਮੈਂ ਕਿ ਤੂੰ।'

'ਤੂੰ।'

ਬੀਬੀ ਦੀਪੋ ਦੀ ਨਿਰਮਲ ਅੱਖ ਨੇ ਤਾੜ ਲਿਆ ਕਿ ਦੁਸ਼ਟ ਦੀ ਨੀਯਤ ਫਿਟ ਗਈ ਏ। ਬਹਾਨੇ ਨਾਲ ਉਸਨੂੰ ਕਾਬੂ ਕਰਨਾ ਚਾਹੁੰਦਾ ਸੀ। ਉਸ ਨੇ ਆਪਣ ਲੀੜੇ ਵਿਚੋਂ ਬਿਜਲੀ ਵਰਗੀ ਤਲਵਾਰ ਖਿਚ ਕੇ ਮੁਗਲ ਹਾਕਮ ਦੇ ਕੁਝ ਸੋਚਣ ਤੋਂ ਪਹਿਲਾਂ ਹੀ ਉਸਦੇ ਘੋੜ ਦੀ ਪਿਛਲੀ ਲਤ ਉਤੇ ਵਾਰ ਕਰ ਦਿਤਾ, ਤਲਵਾਰ ਦਾ ਜ਼ਖ਼ਮ ਖਾ ਕੇ ਹਾਕਮ ਦਾ ਘੋੜਾ ਤੜਪ ਉਠਿਆ ਤੇ ਉਛਲ ਕੇ ਨਸਣ ਲਗਾ—ਪਰ ਚਾਰ ਕੁ ਕਦਮ ਨਸਣ ਪਿਛੋਂ ਡਿਗ ਪਿਆ। ਹਾਕਮ ਹੇਠਾਂ ਤੇ ਘੋੜਾ ਉਤੇ।

ਉਸ ਤਲਵਾਰ ਨਾਲ ਜੁਧ ਦੀ ਚਿਤਾਵਨੀ ਹੋ ਗਈ। ਬੀਬੀ ਦੀਪੋ ਨੇ ਉਪਰਲੀ ਚਾਦਰ ਦਾ ਕਮਰ ਕੱਸਾ ਕਰ ਲਿਆ ਤੇ ਤਲਵਾਰ ਸੂਤ ਕੇ ਦੁਸ਼ਮਨਾਂ ਦੀ ਉਡੀਕ ਕਰਨ ਲਗੀ।

ਹਾਕਮ ਨੂੰ ਡਿਗਾ ਵੇਖ ਅਤੇ ਬੀਬੀ ਦੀਪੋ ਦੇ ਹੱਥ ਵਿਚ ਲਹੂ ਨੁਚੜਦੀ ਤਲਵਾਰ ਦੇਖ ਕੇ ਉਹ ਹਾਕਮ ਵਲ ਵਧੇ। ਆਖਰ ਨੌਕਰ ਸਨ। ਹਾਕਮ ਜੀਉਂਦਾ ਸੀ। ਜੇ ਉਸ ਦੀ ਸਹਾਇਤਾ ਨਾ ਕਰਦੇ ਤਾਂ ਉਨ੍ਹਾਂ ਦੀ ਖੈਰ ਨਹੀਂ ਸੀ। ਉਹ ਦੀਪੋ ਵਲ ਵਧੇ, ਉਨ੍ਹਾਂ ਤਲਵਾਰਾਂ ਸੂਤ ਲਈਆਂ। ਉਨ੍ਹਾਂ ਦੇ ਅਪੜਨ ਤੇ ਹਾਕਮ ਵੀ ਘੋੜੇ ਹੇਠੋਂ ਨਿਕਲਿਆ ਉਸ ਦਾ ਕੁਲਾ ਧਰਤੀ ਤੇ ਪਿਆ ਰਿਹਾ ਤੇ ਉਸਨੇ ਭਰੇ ਹੋਏ ਗਲੇ ਨਾਲ ਕਿਹਾ—'ਪਕੜੋ! ਕਾਫ਼ਰ ਨੂੰ ਪਕੜੋ?'

ਮੁਗਲ ਪਿਆਦਿਆਂ ਨੇ ਦੀਪੋ ਨੂੰ ਘੇਰਾ ਪਾਇਆ, ਸ਼ੇਰਨੀ ਘਬਰਾਈ ਨਹੀਂ। ਉਸ ਨੇ ਦਿਲ ਨਹੀਂ ਛੱਡਿਆ। ਜਾਨ ਬਚਾਉਣ ਵਾਸਤੇ ਰਾਖਸ਼ਾਂ ਅਗੇ ਹਥ ਜੋੜ ਕੇ ਤਰਲਾ ਨਹੀਂ ਕੀਤਾ। ਸਗੋਂ ਇਕ ਮਹਾਂਬਲੀ ਸੂਰਮੇ ਵਾਂਗ ਮੁਕਾਬਲੇ ਲਈ ਤਿਆਰ ਹੋ ਗਈ। ਉਸੇ ਤਰ੍ਹਾਂ ਜਿਵੇ

ਸਮੁੰਦਰ ਵਿਚ ਖਲੋਤੀ ਹੋਈ ਪੱਥਰ ਦੀ ਚਟਾਨ ਸਾਗਰ ਦੇ ਤੂਫਾਨੀ ਹਮਲੇ ਦਾ ਮੁਕ ਬਲਾ ਕਰਦੀ ਹੈ ਤੇ ਦਿਉਆਂ ਵਰਗੀਆਂ ਛੱਲਾਂ ਨੂੰ ਪਿਛ ਧਕਦੀ ਏ। ਛੱਲਾਂ ਹਾਰ ਕੇ ਅਲੋਪ ਹੋ ਜਾਂਦੀਆਂ ਹਨ, ਪਰ ਚਤਾਨ ਤਿਉਂ ਦੀ ਤਿਉਂ ਹੀ ਅਡੋਲ ਖਲੋਤੀ ਰਹਿੰਦੀ ਹੈ। ਸਤਾਂ ਵੈਰੀਆਂ ਨਾਲ ਇਕੱਲੀ ਦਾ ਮੁਕਾਬਲਾ ਹੋ ਗਿਆ! ਉਸਨੇ ਆਪਣੇ ਸਤਿਗੁਰੂ ਨੂੰ ਯਾਦ ਕੀਤਾ। ਉਸ ਦੀ ਪੁਕਾਰ ਸੀ—'ਦਾਤਾ! ਆਪਣੀ ਬਚੀ ਤੇ ਦਇਆ ਕਰ। ਬਲ ਬਖਸ਼। ਦੁਸ਼ਮਨ ਨਾਲ ਟੱਕਰ ਲੈਣ ਲਗੀ ਆਂ। ਦੁਸ਼ਮਣ ਸਬਲ ਹੈ ਮੈਂ ਨਿਰਬਲ ਮੇਰੀ ਲਾਜ ਤੇਰੇ ਹਥ ਏ, ਮੇਰੇ ਦਾਤਾਰ ਪਿਤਾ।'

ਤਲਵਾਰ ਹਥੋਂ ਸੁਟ ਦ।'

ਇਕ ਪਿਆਦੇ ਉਚੀ ਆਵਾਜ਼ ਦਿਤੀ।

'ਸਿਤ ਦੀ ਬਚੀ ਦੇ ਹਥੋਂ ਤਲਵਾਰ ਜੀਉਂਦੇ ਜੀ ਨਹੀਂ ਡਿਗ ਸਕਦੀ।'

'ਜਾਨ ਬਚਾ ਲੈ। ਕੀੜੀ ਹਾਥੀ ਨਾਲ ਟਕਰ ਨਹੀਂ ਲੈ ਸਕਦੀ।

'ਜੇ ਹਾਥੀ ਦੀ ਸੁੰਡ ਵਿਚ ਲੜ ਜਾਏ ਤਾਂ ਹਾਥੀ ਨੂੰ ਵਿਆਕੁਲ ਕਰਕੇ ਮਾਰ ਵੀ ਸੁਟਦੀ ਹੈ।

'ਤਾਂ ਤੂੰ ਇਕੱਲੀ ਲੜੇਂਗੀ।

ਜੋ ਮੇਰੀ ਇਜਤ ਤੇ ਹਮਲਾ ਕਰੇਗਾ, ਉਸ ਨਾਲ ਜ਼ਰੂਰ ਲੜਾਂਗੀ।'

'ਹਾਕਮ ਸਾਹਿਬ ਨਵਾਬ ਰਹੀਮ ਅਲੀ ਦੇ ਸ਼ਾਹਜ਼ਾਦੇ ਹਨ—ਟੱਕਰ ਨਾ ਲੈ। ਬਿਨ ਆਈ ਨਾ ਮਰ।

'ਤੁਸੀਂ ਆਪਣੇ ਰਾਹ ਤੁਰੀ ਜਾਓ। ਮੈਂ ਤਾਂ ਆਪਣੇ ਅੱ ਤੇ ਖਲੋਤੀ ਆ। ਮੈਂ ਤੁਹਾਨੂੰ ਕੁਝ ਨਹੀਂ ਆਖਿਆ।

'ਸ਼ਾਹਜ਼ਾਦਾ ਸਾਹਿਬ ਤੈਨੂੰ ਆਪਣੀ ਬੇਗਮ ਬਣਾਉਣਾ ਚਾਹੁੰਦੇ ਨੇ ਤੇਰੇ ਰੂਪ ਤੇ ਭੁਲੇ ਹਨ। ਉਹ ਤੈਨੂੰ ਮਾਰਨਾ ਨਹੀਂ ਚਾਹੁੰਦੇ। ਨਾਸਰ ਅਲੀ ਨਾਲੋਂ ਇਹ ਚੰਗੇ ਹਨ।

'ਚੁਰੇ। ਸੂਰ! ਜ਼ਬਾਨ ਨੂੰ ਰੋਕ, ਸਤਵੰਤੀ ਨਾਰੀ ਦਾ ਕਹਿਰ ਨਾ

ਦੇਖੀਂ ਇਹ ਆਖ ਕੇ ਬੀਬੀ ਦੀਪ ਕੌਰ ਨੇ ਅਨੋਖੀ ਫੁਰਤੀ ਨਾਲ ਉਸ ਚੰਡਾਲ ਤੇ ਵਾਰ ਕੀਤਾ। ਸਾਰਿਆਂ ਦੇ ਅੱਖਾਂ ਝਮਕਣ ਤੋਂ ਪਹਿਲਾਂ ਹੀ ਬਕ ਬਕ ਕਰਨ ਵਾਲੇ ਦਾ ਸਜਾ ਮੋਢਾ ਸਰੀਰ ਨਾਲੋਂ ਝੜ ਕੇ ਤਲਵਾਰ ਲਗੀ ਲਗੀ ਤਲਵਾਰਾਂ ਦੀ ਟਨਕਾਰ ਛਿਣ ਛੇ ਘੁੰਗਰੂਆਂ ਦੀ ਛਣਕਾਰ ਬਣ ਗਈ। ਉਸ ਵਿਚੋਂ ਅਸਚਰਜ ਦਾ ਮਾਨੂ ਰਾਗ ਉਤਪਨ ਹਣ ਲਗਾ। ਸਤਿਗੁਰੂ ਜੀ ਦੀ ਬਹਾਦਰ ਪੁਤਰੀ ਛਿਆਂ ਮੁਗਲਾਂ ਨਾਲ ਲੜਨ ਲਗੀ। ਇਕ ਤਾਂ ਪਹਿਲਾਂ ਹੀ ਥਾਂ ਰਿਹਾ ਸੀ। ਉਹ ਉਨਾਂ ਵਿਚ ਉਸੇ ਤਰਾਂ ਘਿਰੀ ਗਈ ਸੀ ਜਿਵੇਂ ਦਰਿਆ ਦੇ ਕੱਪਰਾਂ ਵਿਚ ਬੇੜੀ ਘਿਰ ਜਾਂਦੀ ਹੈ।। ਗੱਤਕੇ ਦੇ ਸਿਖੇ ਹੋਏ ਹੱਥ ਕੰਮ ਆਉਣ ਲਗੇ। ਉਸ ਦੀ ਬਾਂਹ ਅਗੇ ਪਿਛੇ ਤੇ ਚੌਗਿਰਦੇ ਅੰਨੇ ਵਾਹ ਘੁੰਮਣ ਲਗੀ। ਉਹ ਵਾਰ ਕਰਦੀ ਤੇ ਬਚਾਉਂਦੀ। ਅਸਲ ਫੁਲਾਦ ਦੀ ਤਲਵਾਰ ਦੂਸਰੀਆ ਤਲਵਾਰਾ ਨੂੰ ਖੁੰਢੀਆਂ ਕਰੀ ਜਾਂਦੀ।

ਲੜਦਿਆਂ ਹੋਇਆਂ ਬੀਬੀ ਦੀਪ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਸਚ-ਮੁਚ ਹੀ ਕਲਗੀਆਂ ਵਾਲੇ ਪਿਤਾ ਉਸਦੇ ਕੋਲ ਖਲੋਤੇ ਹੋਏ ਸੀ। ਉਸ ਨੂੰ ਹਲਾ ਸ਼ੇਰੀ ਵੀ ਦਿੰਦੇ ਸਨ ਤੇ ਦਾਅ ਪੇਚ ਵੀ ਦਸ ਰਹੇ ਸਨ। ਉਨਾਂ ਦੇ ਹਥ ਵਿਚ ਬਾਜ ਤੇ ਤੇਗ ਸੀ ਉਹੋ ਤੇਗ ਜਿਹੜੀ ਧੁਰੋਂ ਲੈ ਕੇ ਆਏ ਸਨ। ਅਕਾਲ ਪੁਰਖ ਦੀ ਬਖਸ਼ੀ ਹੋਈ ਤੇਗ। ਦੁਸ਼ਟਾ ਨੂੰ ਦਮਨ ਵਾਲੀ ਤੇਗ।

ਇਕ ਪਿਆਦੇ ਦੀ ਤਲਵਾਰ ਟੁਟ। ਉਹ ਜ਼ਖਮ ਖਾ ਕੇ ਪਿਛੇ ਹਟ ਗਿਆ। ਇਕ ਮਾਰਿਆ ਗਿਆ ਤੇ ਦੋ ਡਾਢੇ ਜ਼ਖਮੀ ਹੋ ਗਏ। ਉਨਾਂ ਦੀਆਂ ਆਂਦਰਾ ਪੇਟਾਂ ਵਿਚੋਂ ਬਾਹਰ ਆ ਗਈਆਂ, ਬਾਕੀ ਰਹਿ ਗਏ ਦੋ, ਇਕ ਹਾਕਮ ਤੇ ਇਕ ਪਿਆਦਾ, ਬੀਬੀ ਨੂੰ ਵੀ ਜਖਮ ਲਗ ਗਏ। ਉਸਦੇ ਮੋਢੇ ਤੇ ਸਿਰ ਵਿਚ ਸਟ ਲਗੀ। ਫਿਰ ਵੀ। ਉਹ ਲੜਦੀ ਰਹੀ। ਸਤਿਗੁਰੂ ਦਾ ਧਿਆਨ ਧਰ ਕੇ ਲੜੀ ਗਈ। ਰਹਿੰਦਾ ਪਿਆਦਾ ਵੀ ਅਗਲੀ ਦੁਨੀਆ ਨੂੰ ਤੁਰ ਗਿਆ ਉਸ ਸਿਰ ਧੜਨਾਲੋਂ ਵਖ ਹੋ ਕੇ ਟਿਬੇ ਤੋਂ ਇਉਂ ਰਿੜ੍ਹਿਆ ਜਿਵੇਂ ਦੁਕਾਨ ਤੋਂ ਤਰਬੂਜ ਰਿੜ ਜਾਂਦਾ ਹੈ।

ਨਵਾਬਜ਼ਾਦਾ ਮੁਗਲ ਘਬਰਾ ਗਿਆ। ਸਭੋ ਮਾਰੇ ਗਏ ਤੇ ਕੁਝ ਜ਼ਖਮੀ ਹੋ ਕੇ ਰੇਤ ਵਿਚ ਤੜਫਨ ਲਗੇ। ਇਕ ਇਸਤ੍ਰੀ ਦਰਗਾ ਵਾਂਗ ਲੜੀ। ਉਸਦਾ ਹਥ ਝੂਠਾ ਪੈਣ ਲਗਾ। ਉਸਨੂੰ ਫੁਰਨਾ ਫੁਰਿਆ ਕਿ ਇਹ ਸਿਖ ਇਸਤ੍ਰੀ ਕਿਸੇ ਰਬੀ ਸ਼ਕਤੀ ਨਾਲ ਲੜ ਰਹੀ ਸੀ। ਹੋ ਨਹੀਂ ਸਕਦਾ ਕਿ ਰਬੀ ਸ਼ਕਤੀ ਤੋਂ ਬਿਨਾਂ ਕੋਈ ਨਾਰੀ ਇਸ ਤਰਾਂ ਦਲੇਰੀ ਨਾਲ ਮਰਦਾਂ ਨਾਲ ਟਕਰ ਲਵੇ।

ਉਧਰੋਂ ਬੀਬੀ ਦੀਪ ਕੌਰ ਵੀ ਥੱਕ ਗਈ ਪਰ ਲੜਾਈ ਦਾ ਮੈਦਾਨ ਨਹੀਂ ਸੀ ਛਡ ਸਕਦੀ। ਸਿਖ ਮੈਦਾਨ ਵਿਚੋਂ ਨਸ ਜਾਏ? ਇਹ ਕਦੀ ਨਾ ਹੋਇਆ ਏ ਨਾ ਹੋਵੇਗਾ। ਸਤਿਗੁਰੂ ਦੇ ਸਪੁਤ੍ਰ ਤੇ ਉਨਾਂ ਦੀਆਂ ਪੁਤ੍ਰੀਆਂ ਤਾਂ ਸਦਾ ਵੈਰੀ ਦੇ ਸਨਮੁਖ ਰਹਿੰਦੀਆਂ ਤੇ ਮੈਦਾਨੇ ਜੰਗ ਵਿਚ ਸ਼ਹੀਦ ਹੁੰਦੀਆਂ ਹਨ।

ਦੋਹਾਂ ਦੇ ਹੀ ਵਾਰ ਐਸੇ ਹੋਏ ਜੋ ਦੋਹਾਂ ਨੂੰ ਧਰਤੀ ਤੇ ਸੁਟ ਗਏ। ਬੀਬੀ ਦੀਪ ਕੌਰ ਨੇ ਵਾਰ ਕੀਤਾ—ਹਾਕਮ ਦਾ ਕੰਨ ਵਢਿਆ ਗਿਆ ਤੇ ਮੋਂਢੇ ਨੂੰ ਸਟ ਲਗੀ। ਉਸ ਦਾ ਵਾਰ ਦੀਪ ਕੌਰ ਦੀ ਵਖੀ ਤੇ ਵਜਾ ਖਬੀ ਵਖੀ ਤੇ ਕੁਝ ਪਟ ਦਾ ਹਿਸਾ ਜਖਮੀ ਹੋ ਗਿਆ ਵਾਰ ਤਿਲਕਵਾਂ ਸੀ। ਦੋਵੇਂ ਦੂਰ ਦੂਰ ਡਿਗ ਪਏ। ਦੋਹਾਂ ਦੇ ਹਥਾਂ ਵਿਚੋਂ ਤਲਵਾਰਾਂ ਛੁਟ ਗਈਆਂ। ਸੂਰਜ ਭਗਵਾਨ ਉਸ ਧਰਮ ਜੁਧ ਨੂੰ ਦੇਖਦਾ ਰਿਹਾ।

ਯੁਧ ਰੁਕੇ ਨੂੰ ਥੋੜਾ ਸਮਾਂ ਹੀ ਹੋਇਆ ਸੀ ਕਿ ਮਾਈ ਗੋਜੋ ਪਿੰਡੋ ਆ ਗਈ 'ਹਾਇ ਹਾਇ! ਪਾਣੀ!! ਪਾਣੀ!!!' ਦੀ ਆਵਾਜ਼ ਸੁਣ ਕੇ ਘਬਰਾ ਗਈ. ਦੂਸਰਾ ਉਸਨੂੰ ਦੀਪ ਨਾ ਮਿਲੀ। ਉਹ ਉਧਰ ਹੋਈ ਜਿਧਰੋਂ ਆਵਾਜ਼ ਆਈ ਸੀ ਤਾਂ ਦੇਖਦੇ ਸਾਰ ਘਬਰਾ ਗਈ। ਲਹੂ ਨਾਲ ਧਰਤੀ ਰੰਗੀ ਹੋਈ ਸੀ। ਦੋ ਮੁਗਲ ਪਿਆਦੇ ਮਰਦੇ ਹੋਏ ਪਾਣੀ ਮੰਗ ਰਹੇ ਸਨ। ਉਸ ਨੇ ਅੱਖਾਂ ਮਲੀਆਂ—ਸੁਪਨਾ ਤਾਂ ਨਹੀਂ ਦੇਖ ਰਹੀ ਸੀ।

'ਇਹ ਲੜਾਈ ਜ਼ਰੂਰ ਦੀਪੋ ਨਾਲ ਹੋਈ ਏ।'

ਮਾਈ ਗੋਜੋ ਦੇ ਦਿਲ ਦੀ ਆਵਾਜ਼ ਸੀ। ਉਸ ਨੇ ਚੌਗਿਰਦੇ ਝਾਤ ਮਾਰੀ। ਉਸ ਦੀਆਂ ਅੱਖਾਂ ਦੀਪੋ ਦੀ ਢੂੰਡ ਕਰਨ ਲਗੀਆਂ।

'ਓਹ ਮੇਰੀ ਬਚੀ !'

ਗੋਜੋ ਦੀ ਜ਼ਬਾਨੋਂ ਨਿਕਲਿਆ ਤੇ ਓਹ ਨਸ ਕੇ ਅਗੇ ਹੋਈ।

ਤਲਵਾਰ ਅਜੇ ਹਥ ਵਿਚ ਸੀ। ਸਿਰ, ਮੋਢੇ ਤੇ ਵੱਖੀ ਪੱਟ ਵਿਚੋਂ ਲਹੂ ਵਗ ਰਿਹਾ ਸੀ। ਸਾਰੇ ਬਸਤਰ ਲਾਲ ਰੰਗੇ ਹੋਏ ਸਨ। ਥਕੇਵੇਂ ਚੂਰ ਕੀਤੀ ਤੇ ਜ਼ਖਮਾਂ ਦੀ ਪੀੜਾਂ ਨਾਲ ਵਿਆਕੁਲ ਬਹਾਦਰ ਦੀਪੋ ਬੇ ਸੁਰਤ ਪਈ ਸੀ। ਉਸ ਦਾ ਸਰੀਰ ਗਰਮ ਸੀ। ਸਿਆਣੀ ਮਾਈ ਗੋਜੋ ਨੇ ਦੀਪੋ ਨੂੰ ਸੰਭਾਲਣ ਦਾ ਯਤਨ ਕੀਤਾ, ਉਸ ਦੇ ਨਿਰਬਲ ਥਾਂ ਵਿਚ ਸ਼ਕਤੀ ਤੇ ਕਾਹਲ ਆ ਗਈ, ਬਿਜਲੀ ਵਰਗੀ ਕਾਹਲ ! ਉਸਨੇ ਦੀਪੋ ਦੀ ਚਾਦਰ ਦਾ ਕਮਰ ਕਸਾ ਖੋਲਿਆ। ਉਸ ਦੇ ਸਿਰ ਦੇ ਪਤਲੇ ਲੀੜੇ ਨੂੰ ਪਾੜ ਕੇ ਝੱਟ ਪਟ ਜ਼ਖਮਾਂ ਨੂੰ ਬੰਨ੍ਹਣ ਦਾ ਯਤਨ ਕੀਤਾ। 'ਲਹੂ ਬੰਦ ਹੋਏ ! ਜੇ ਲਹੂ ਵਗਦਾ ਗਿਆ ਤਾਂ ਜ਼ਰੂਰ ਦੀਪੋ ਦੀ ਜਾਨ ਚਲੀ ਜਾਏਗੀ। ਗੁਰੂ ਦਰਸ਼ਨਾ ਵਲ ਚਲੀ ਦੀਪੋ ਕੀ ਰਾਹ ਵਿਚ ਹੀ ਰਹੇਗੀ ?' ਮਾਈ ਗੋਜੋ ਦਾ ਦਿਲ ਧੜਕੀ ਜਾਂਦਾ ਸੀ।

ਮਾਈ ਗੋਜੋ ਆਪਣੀ ਅਕਲ ਨਾਲ ਬੀਬੀ ਦੀਪੋ ਨੂੰ ਬਚਾਉਣ ਦਾ ਯਤਨ ਕਰ ਰਹੀ ਸੀ ਕਿ ਉਸ ਦੇ ਕੰਨੀ ਛੋਲਕੀ, ਚਿਮਟੇ ਤੇ ਛੈਣੇ ਵਜਣ ਦੀ ਆਵਾਜ਼ ਸੁਣਾਈ ਦਿਤੀ। ਉਸ ਨੇ ਸਿਰ ਚੁਕ ਕੇ ਦੇਖਿਆ ਸ਼ਬਦ ਵੀ ਪੜ੍ਹੇ ਜਾ ਰਹੇ ਸਨ।

ਸੰਗ ਆ ਗਿਆ। ਸੰਗ ਆ ਗਿਆ।

ਮਾਈ ਗੋਜੋ ਦਾ ਦਿਲ ਉਛਲਿਆ ਉਸ ਦੇ ਬੁਲ੍ਹਾਂ ਤੋਂ ਦਿਲ ਦੀ ਆਵਾਜ਼ ਨਿਕਲੀ। ਸੰਗ ਚਾਰ ਕੁ ਪੈਲੀਆਂ ਦੂਰ ਸੀ।

ਸਤਿਗੁਰਾਂ ਨੇ ਮਿਹਰ ਕੀਤੀ। ਅਪਣੀ ਬਚੀ ਦੀ ਜਾਨ ਬਚਾਉਣ ਵਾਸਤੇ ਸਹਾਇਤਾ ਭੇਜ ਦਿਤੀ।

ਮਾਈ ਗੋਜੋ ਰਾਹ ਉਤੇ ਜਾ ਖਲੋਤੀ।

ਸੰਗ ਨੇੜੇ ਆ ਗਿਆ।

'ਠਹਿਰੋ, ਸਿੱਖ ਬੱਚੀ ਘਾਇਲ ਪਈ ਹੈ। ਉਸਨੂੰ ਬਚਾਓ।'

ਮਾਈ ਗੋਜੋ ਨੇ ਦੋਵੇਂ ਹੱਥ ਉਚੇ ਕਰਕੇ ਸੰਗ ਦੇ ਮੋਹਰੇ ਤੁਰਨ

ਵਾਲਿਆਂ ਅਗੇ ਪੁਕਾਰ ਕੀਤੀ। ਮਾਈ ਗੋਜੋ ਦੇ ਹੱਥ ਲਹੂ ਭਰੇ ਦੇਖ ਕੇ ਸੰਗ ਵਾਲੇ ਖਲੋ ਗਏ!

ਸੰਗ ਦੇ ਨਾਲ ਦੋ ਵੈਦ ਤੇ ਇਕ ਜਰਾਹ ਸੀ। ਉਹ ਤਿੰਨੇ ਉਸੇ ਵੇਲੇ ਨਸ ਕੇ ਉਧਰ ਹੋਏ। ਜਿਧਰ ਦੀਪੋ ਸੀ। ਉਨ੍ਹਾਂ ਨੇ ਬੀਬੀ ਨੂੰ ਜਾ ਸੰਭਾਲਿਆ।

'ਦੁਸ਼ਟ ਮੁਗਲਾਂ ਨਾਲ ਲੋਹਾ ਲਿਆ ਏ।'

ਸੰਗ ਵਿਚ ਇਹ ਵਾਕ ਚਕਰ ਲਾਉਣ ਲਗਾ।

੨੪.

ਭਾਰਤ ਦੀ ਰਾਜਸੀ ਤੇ ਸਮਾਜਕ ਗੁਲਾਮੀ ਦਾ ਅੰਤ ਕਰਨ ਵਾਸਤੇ ਦਸਮੇਸ਼ ਪਿਤਾ ਜੀ ਨੇ ਸਿਖ ਧਰਮ ਵਿਚ ਭਾਰੀ ਇਤਿਹਾਸਕ ਪ੍ਰੀਵਰਤਨ ਲਿਆਉਣ ਦਾ ਫੈਸਲਾ ਕੀਤਾ। ਉਨਾਂ ਨੇ ਇਕ ਨਵੀਂ ਫੌਜੀ ਸ਼ਕਤੀ ਪੈਦਾ ਕਰਨੀ ਚਾਹੀ । ਜਿਵੇਂ ਸਿਆਣਾ ਮਾਲੀ ਬੇਰੀਆਂ, ਬੂਤਾਂ ਅਤੇ ਹੋਰ ਬੂਟਿਆਂ ਦੇ ਫੁਲ ਤੇ ਪੱਤਿਆਂ ਦਾ ਰੰਗ ਰੂਪ ਤੇ ਸਵਾਦ ਬਦਲ ਦਿੰਦਾ ਹੈ, ਤਿਵੇਂ ਸਾਹਿਬਾਂ ਨੇ ਨਿਰਬਲ, ਟਿ.ਹੱਥੇ, ਜਹਾਲਤੀ ਤੇ ਰਾਜਸੀ ਸੂਝ ਬੂਝ ਤੋਂ ਅਗਿਆਨੀਆਂ, ਜਾਤ-ਪਾਤ, ਊਚ ਨੀਚ ਦੇ ਗੰਦੇ ਸੜੇ ਮਲਬੇ ਹੇਠਾਂ ਦਬੇ ਸੁਨਹਿਰੀ ਮਨੁਖੀ ਦਿਲਾਂ ਨੂੰ ਉਪਰ ਉਠਾਉਣ ਵਾਸਤੇ ਅਸਲੀ ਲੋਕ ਭਲਾਈ ਦੀ ਲਹਿਰ ਨੂੰ ਸਦੀਵੀ ਕਾਲ ਲਈ ਚਲਾਉਣ ਹਿਤ ਭਾਰਤੀਆਂ ਨੂੰ 'ਅੰਮ੍ਰਿਤ' ਨਾਲ ਨਵੇਂ ਸਿਰੇ ਪਿਊਂਦ ਕਰਕੇ ਸੁਰਜੀਤ ਕਰਨਾ ਸੀ। ਉਸ ਨਵੀਂ ਸ਼ਕਤ ਦਾ ਨਾਮ ਉਹ 'ਖਾਲਸਾ ਰਖਣਾ ਚਾਹੁੰਦੇ ਸਨ। ਅੰਮ੍ਰਿਤ ਤਿਆਰ ਕਰਨ ਤੇ ਖਾਲਸੇ ਦੇ ਜਨਮ ਦੀ ਤਿਆਰੀ ਪੂਰੀ ਧੂਮ ਧਾਮ ਨਾਲ ਕੀਤੀ ਸੀ। ਸ੍ਰੀ ਅਨੰਦ ਪੁਰ ਦੇ ਚੌਗਿਰਦੇ ਅਤੇ ਦਰਿਆ ਸਤਲੁਜ ਦੇ ਪੂਰਬੀ ਕਿਨਾਰੇ ਦੂਰ ਤਕ ਸਿਖ ਸੰਗਤਾਂ ਨੇ ਡੇਰੇ ਜਮਾ ਲਏ ਸਨ। ਤੰਬੂਆਂ ਕਿਨਾਤਾ ਦੀ ਇਕ ਨਵੀਂ ਤੇ ਖੁਲ੍ਹੀ ਬਸਤੀ ਵਸੀ ਹੋਈ ਨਜ਼ਰ ਪੈਂਦੀ ਸੀ, ਕਈ ਹਜ਼ਾਰ।

ਕੋਈ ਅਠ ਦਸ ਦਿਨ ਵਿਸਾਖੀ ਪੁਰਬ ਤੋਂ ਪਹਿਲਾਂ ਹੀ ਸਿਖ

ਸੰਗਤ ਦੀ ਭੀੜ ਹੋ ਗਈ। ਗੁਰੂ ਘਰ ਦੇ ਸੇਵਾਦਾਰ, ਮਸੰਦ ਅਤੇ ਮੇਵੜੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਈ ਸੰਗਤ ਦਾ ਸਵਾਗਤ ਕਰਨ ਅਤੇ ਡਰੇ ਲਵ ਉਨ ਵਿਚ ਰੁਝੇ ਹੋਏ ਜਲਾਹੇ ਦੀ ਨਾਲ ਵਾਂਗ ਏਧਰ ਉਧਰ ਨਸੇ ਭਜੇ ਫਿਰਦੇ ਸਨ।

ਹਜ਼ਾਰਾਂ ਸਿਖਾਂ ਸੇਵਕਾਂ ਦੇ ਦਿਲਾਂ ਦੇ ਬਾਦਸ਼ਾਹ, ਅੰਤ੍ਰਜਾਮੀ, ਬਾਜਾਂ ਵਾਲੇ ਸਤਿਗੁਰੂ ਜੀ ਆਪ ਖਿਆਲ ਕਰ ਰਹੇ ਸਨ। ਦੀਨ ਦੁਨੀਆਂ ਦੇ ਮਾਲਕ ਨੂੰ ਆਪਣੇ ਸਿਖਾਂ ਦੇ ਮਾਨਸਿਕ ਤੇ ਸ਼ਰੀਰਕ ਕਸ਼ਟਾਂ ਦਾ ਖਿਆਲ ਸੀ। ਹਰ ਥਾਂ ਸਹਾਈ ਹੋ ਰਹੇ ਸਨ।

ਅਪਣੇ ਸਵੇਰ ਦੇ ਨਿਤਨੇਮ ਨੂੰ ਪੂਰਿਆਂ ਕਰਕੇ ਕਲਗੀਆਂ ਵਾਲੇ ਪਿਤਾ ਦੀਵਾਨ ਵਿਚ ਬਰਾਜੇ। ਸਾਹਿਬ ਦੇ ਦਰਸ਼ਨ ਕਰਕੇ ਹਜ਼ਾਰਾਂ ਜੀਵ ਨਿਹਾਲ ਹੋਏ ਇਕ ਭੱਟ ਨੇ ਗੁਰੂ-ਜੱਸ ਦਾ ਮੰਗਲਾ ਚਰਨ ਕੀਤਾ ਤੇ ਰਾਗੀ ਜਥ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦਾ ਪਰਾਰੰਭ ਕੀਤਾ। ਸਤਿਗੁਰੂ ਜੀ ਨੈਣ ਮੁੰਦ ਕੇ ਗੁਰਬਾਣੀ ਦੇ ਕੀਰਤਨ ਨੂੰ ਸਰਵਣ ਕਰਦੇ ਰਹੇ।

ਕੀਰਤਨ ਦਾ ਭੋਗ ਪਿਆ। ਰਾਗੀ ਜਥੇ ਨੇ ਅੰਤਮ ਪਤੌੜੀ ਅਜੇ ਪੂਰੀ ਨਹੀਂ ਸੀ ਕੀਤੀ ਕਿ ਜਗਤ ਜੀਵਾਂ ਦੀ ਕਲਿਆਨ ਦੇ ਸਚੇ ਸਾਧਨ ਇਕ ਦਮ ਸੁਚੇਤ ਹੋਏ।। ਰੂਹ ਨੇ ਕੜਾਕਾ ਖਾਧਾ, ਦੂਰ ਬੈਠਿਆਂ ਕਿਸੇ ਨੇ ਯਾਦ ਕੀਤਾ। ਦਾਤੇ ਦੇ ਪਵਿਤ੍ਰ ਬੁਲ੍ਹਾਂ ਤੋਂ ਸਾਫ ਸ਼ਬਦ ਪ੍ਰਗਟ ਹੋਏ-'ਪੁਤਰੀ! ਘਬਰਾ ਨਾ !! ਅਸੀਂ ਆਏ। ਗੁਰੂ ਘਰ ਦੀਆਂ ਖੁਸ਼ੀਆਂ ਤੂੰ ਲੈਣੀਆ ਹਨ। ਬਹਾਦਰ ਪੁਤਰੀ-ਅਰਿਦਮਨ ਬੇਟੀ।

ਤਖ਼ਤ ਤੋਂ ਹੇਠਾਂ ਉਤਰੇ। ਹਜ਼ੂਰੀ ਸੇਵਦਾਰ ਨੇ ਹੱਥ ਜੋੜਕੇ ਬੇਨਤੀ ਕੀਤੀ।

'ਸਚੇ ਪਤਸ਼ਾਹੋ ਕੋਈ ਹੁਕਮ।'

'ਘੋੜਾ! ਇਸ ਸਮੇਂ ਘੋੜਾ।'

ਸੇਵਾਦਾਰ ਨੇ ਸਿਰ ਝੁਕਾਇਆ ਤੇ ਮੁੜ ਸੰਤੋੜ ਨੱਠ ਉਠਾ। ਕਲਗੀਧਰ ਪਿਤਾ ਵੀ ਕਾਹਲੀ ਕਦਮ ਪੁਟਦੇ ਹੋਏ ਦੀਵਾਨ ਵਿਚੋਂ ਬਾਹਰ

ਜਾਣ ਲਗੇ। ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਝੁਕ ਝੁਕ ਕੇ ਤੇ ਲੰਮੇ ਪੈ ਪੈ ਕੇ ਚਰਨ-ਕਮਲਾਂ ਦੀ ਛੋਹ ਪ੍ਰਾਪਤ ਕਰਨ ਲਗੇ।

'ਕਿਸੇ ਦੁਖੀ ਦਾ ਦੁਖ ਨਵਿਰਤ ਕਰਨ ਚਲੇ ਹੋਣਗੇ।'

ਸਿਖ ਸੰਗਤ ਵਿਚ ਇਹ ਵਾਕ ਚਕਰ ਲਾਉਣ ਲਗਾ।

'ਕਿਸੇ ਨੇ ਜ਼ਰੂਰ ਚੇਤੇ ਕੀਤਾ ਹੋਵੇਗਾ।'

'ਹਾਂ ਭਾਈ ਅੰਤਰਯਾਮੀ ਹਨ। ਦਿਲ ਦੀਆਂ ਬੁਝ ਲੈਂਦੇ ਹਨ। ਕਿਸੇ ਦਾ ਬੇੜਾ ਬੰਨੇ ਲਗਾਉਣਗੇ।'

'ਉਹ ਰੂਹ ਭਾਗਾਂ ਵਾਲੀ ਹੋਏਗੀ, ਜਿਸਨੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਹਨ।'

ਸਤਿਗੁਰੂ ਜੀ ਦੀਵਾਨ ਅਸਥਾਨ ਤੋਂ ਬਾਹਰ ਪੁਜੇ ਤਾਂ ਅਗੋ ਸੇਵਾ-ਦਾਰ ਨੇ ਸਤਿਗੁਰਾਂ ਦਾ ਘੋੜਾ ਲਿਆ ਖੜਾ ਕੀਤਾ। ਘੋੜੇ ਦੇ ਉਪਰ ਸੁਨਿ-ਹਰੀ ਕਾਠੀ ਸੀ। ਅੱਖ ਦੇ ਫੇਰ ਵਿਚ ਸਤਿਗੁਰ ਜੀ ਘੋੜੇ ਉਤੇ ਸਵਾਰ ਹੋ ਗਏ।

ਸੇਵਾਦਾਰ ਦੇ ਦੇਖਦੇ ਦੇਖਦੇ ਘੋੜਾ ਹਵਾ ਨਾਲ ਗਲਾਂ ਕਰਨ ਲਗ ਪਿਆ ਤੇ ਝਟ ਪਟ ਅੱਖਾਂ ਤੋਂ ਉਹਲੇ ਹੋ ਗਿਆ।

ਸਤਿਗੁਰਾਂ ਦੇ ਚਰਨ ਕਮਲਾਂ ਦੇ ਭੌਰੇ ਸਿਖੀ ਤੇ ਨਾਮ ਦੀ ਦੁਰੰਧੀ ਪ੍ਰਾਪਤ ਕਰਨ ਵਾਸਤੇ ਸ੍ਰੀ ਅਨੰਦ ਪੁਰ ਨੂੰ ਵਹੀਰਾਂ ਘਤੀ ਆ ਰਹੇ ਸਨ। ਉਨ੍ਹਾਂ ਨੇ ਦੇਖਿਆ ਸਤਿਗੁਰੂ ਜੀ ਦਾ ਘੋੜਾ ਉਡਿਆ ਜਾਂਦਾ ਸੀ। ਸਾਰਿਆਂ ਨੇ ਸਤਿਗੁਰੂ ਜੀ ਨੂੰ ਨਿਮਸਕਾਰ ਕੀਤੀ ਤੇ ਹੈਰਾਨ ਵੀ ਹੋਏ ਕਿ ਮੇਹਰਾਂ ਦੇ ਦਾਤੇ ਕਿਧਰ ਤੇ ਕਿਉਂ ਜਾ ਰਹੇ ਹਨ!

ਸਤਿਗੁਰੂ ਜੀ ਸਤਲੁਜ ਦੇ ਪਤਨ ਉਤੇ ਪਹੁੰਚ ਗਏ। ਉਥੇ ਸਿਖ-ਸੰਗਤਾਂ ਤੇ ਹੋਰ ਯਾਤਰੂਆਂ ਦੀ ਚੋਖੀ ਭੀੜ ਸੀ। ਸਤਿਗੁਰੂ ਜੀ ਘੋੜੇ ਤੋਂ ਉਤਰੇ। ਘੋੜਾ ਪਿਛੇ ਛਡ ਦਿਤਾ ਤੇ ਆਪ ਪੈਦਲ ਤੁਰ ਕੇ ਗੁਰ ਸਿਖ ਭੀੜ ਵਿਚ ਅਗੇ ਚਲੇ ਗਏ। ਇਕ ਥਾਂ ਬਹੁਤੀ ਭੀੜ ਸੀ। ਉਸ ਭੀੜ ਦੇ ਵਿਚਾਲੇ ਮੰਜਾ ਸੀ ਤੇ ਮੰਜੇ ਉਤੇ ਜ਼ਖਮੀ ਤੇ ਬੀਮਾਰ ਦੇ ਰੂਪ ਵਿਚ

ਬੀਬੀ ਦੀਪ ਕੌਰ ਲੇਟੀ ਹੋਈ ਸੀ ਉਸ ਦੇ ਉਪਰ ਖੇਸ ਦਿਤਾ ਹੋਇਆ ਸੀ ਸਿਰਫ ਮੂੰਹ ਨੰਗਾ ਸੀ।

ਭੀੜ ਵਿਚੋਂ ਕੁਝ ਸਜਨ ਬਹੁਤ ਘਬਰਾਏ ਹੋਏ ਸਨ। ਉਹ ਬੀਬੀ ਦੀਪ ਕੌਰ ਦੇ ਚਿਹਰੇ ਵਲ ਦੇਖਦੇ ਉਦਾਸ ਚਿਤ ਪਿਛੇ ਹੋ ਜਾਂਦੇ। 'ਕੋਈ ਆਸ ਨਹੀਂ ਕਿ ਬੀਬੀ ਜੀਉਂਦੀ ਜੀ ਸਤਿਗੁਰਾਂ ਦੇ ਚਰਨਾਂ ਵਿਚ ਪੁਜੇ। ਸਵਾਸ ਮੁਕਦੇ ਜਾ ਰਹੇ ਸਨ।' ਕਈਆਂ ਦੀ ਜ਼ਬਾਨੋਂ ਇਹ ਵਾਕ ਆਪ ਮੁਹਾਰੇ ਹੀ ਨਿਕਲ ਜਾਂਦਾ ਸੀ।

ਬੀਬੀ ਦੀਪ ਕੌਰ ਦਾ ਸ੍ਰੀਰ ਬਹੁਤ ਕਮਜ਼ੋਰ ਹੋ ਗਿਆ ਸੀ। ਡੂੰਘੇ ਜਖਮਾਂ ਦੇ ਕਾਰਨ ਬਹੁਤ ਸਾਰਾ ਖੂਨ ਤਨ ਵਿਚੋਂ ਨੁਚੜ ਚੁਕਿਆ ਸੀ। ਭਾਵੇਂ ਜਖਮਾਂ ਨੂੰ ਚੰਗੀ ਤਰਾਂ ਘੁਟ ਕੇ ਪਟੀਆਂ ਬਨੀਆਂ ਸਨ, ਫਿਰ ਵੀ ਗਡੇ ਉਤੇ ਮੰਜੀ ਰਖੀ ਹੋਣ ਕਰ ਕੇ ਮੰਜੀ ਹਿਲਦੀ ਰਹੀ। ਕਚਾ ਰਸਤਾ ਉਚਾ ਨੀਵਾਂ ਤੇ ਉਖਲੀਆਂ ਵਾਲ ਸੀ ਬੀਬੀ ਦੀ ਜਾਨ ਲਬਾਂ ਉਤੇ ਸੀ। ਉਸ ਦੀ ਆਤਮਾ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਤੜਪਦੀ ਸੀ। ਉਹ ਤਾਂ ਵਿਆਕੁਲ ਹੋ ਕੇ ਆਤਮਾ ਦੀ ਆਪਣੀ ਜ਼ਬਾਨ ਨਾਲ ਹੀ ਪੁਕਾਰ ਕਰ ਰਹੀ ਸੀ। ਉਸ ਦੀ ਪੁਕਾਰ ਸੁਣ ਕੇ ਕਲਗੀਆਂ ਵਾਲੇ ਪਿਤਾ ਉਸਦੇ ਕੋਲ ਪੁਜੇ।

ਚੋਜੀ ਪ੍ਰੀਤਮ ਨੇ ਅਨੋਖਾ ਹੀ ਚੋਜ ਰਚਾ ਦਿਤਾ। ਵਾਹਿਗੁਰੂ ਸ਼ਕਤੀ ਨਾਲ ਐਸਾ ਮਾਯਾ ਜਾਲ ਤਣਿਆ ਕਿ ਗੁਰ ਸਿਖ ਸੰਗਤ ਵਿਚੋਂ ਕਿਸੇ ਨੂੰ ਜਾਣ ਪਛਾਣ ਨਾ ਹੋਈ ਕਿ ਬੀਬੀ ਦੀਪ ਦੇ ਮੰਜੇ ਕੋਲ ਪੁਜਣ ਵਾਲੇ ਮਹਾਂ ਪੁਰਸ਼ ਆਪ ਹੀ ਸਤਿਗੁਰੂ ਜੀ ਹਨ। ਸਾਰਿਆ ਦੀਆਂ ਅੱਖਾਂ ਧੋਖਾ ਖਾ ਗਈਆਂ। ਉਨਾਂ ਨੂੰ ਇਉਂ ਦਿਸਿਆ ਜਿਵੇ ਕੋਈ ਗੁਰੂ ਘਰ ਦਾ ਗੁਰਮੁਖ ਜਨ, ਬਹਾਦਰ ਬੀਬੀ ਤੇ ਤਰਸ ਖਾ ਕੇ ਉਸ ਦੇ ਨੇੜੇ ਪੁਜਾ ਸੀ ਉਨਾਂ ਦੇ ਸਤਵਨ ਚਕਰ ਚਿਹਰੇ ਵਲ ਤਕਿਆ ਨਹੀਂ ਸੀ ਜਾਂਦਾ।

ਸਤਿਗੁਰੂ ਨੇ ਪੁਛਿਆ-'ਗੁਰੂ ਘਰ ਦੇ ਪਰੇਮੀਓ ਇਸ ਬਚੀ ਨੂੰ:

ਕੀ ਹੋਇਆ ਏ ?'

'ਮਹਾਰਾਜ! ਇਹ ਬਹਾਦਰ ਬਚੀ ਦੁਸ਼ਟਾਂ ਨਾਲ ਲੜਦੀ ਹੋਈ ਜ਼ਖਮੀ ਹੋਈ ਐ।'

ਇਕ ਗੁਰਮੁਖ ਜਨ ਨੇ ਉਤ੍ਰ ਦਿਤਾ,ਬਾਕੀ ਚੁਪ ਹੋ ਗਏ।

'ਸਤਿਗੁਰੂ ਨਾਨਕ ਦੇਵ ਜੀ! ਇਸ ਦੇ ਆਪ ਰਾਖੇ ਹੋਣ।' ਇਉ ਬਚਨ ਕਰਕੇ ਸਤਿਗੁਰੂ ਜੀ ਨੇ ਬੀਬੀ ਦੀਪ ਕੌਰ ਦੇ ਮਥੇ ਉਤੇ ਆਪਣੇ ਕਰ ਕਮਲਾਂ ਨੂੰ ਰਖਿਆ। ਸਿਰ ਦੇ ਕੇਸਾ ਉਤੇ ਫੇਰਿਆ। ਸਾਰੇ ਕੇਸ ਲਹੂ ਨਾਲ ਭਰੇ ਹੋਏ ਸਨ। ਜਗਤ ਰਖਕ ਪ੍ਰੀਤਮ ਦੇ ਹਸਤ ਕਮਲਾਂ ਦੀ ਛੋਹ ਦੇ ਨਾਲ ਬੀਬੀ ਦੀਪ ਕੌਰ ਦਾ ਸਾਰਾ ਤਨ ਇਕ ਵਾਰ ਮਠਾ ਜਿਹਾ ਥਰ ਥਰਾਇਆ ਰੂਹ ਵਿਚ ਬਲ ਆਇਆ। ਤਨ ਦੀਆਂ ਨਾੜਾਂ ਵਿਚ ਨਵਾਂ ਲਹੂ ਉਤਪਨ ਹੋ ਕੇ ਹਰਕਤ ਕਰਨ ਲਗਾ। ਸਤਿਗੁਰੂ ਜੀ ਆਪਣੀ ਨਰਗਸੀ ਨੈਨਾਂ ਦੀ ਨਿਗਾਹ ਇਕਤਰ ਕਰਕੇ ਬੀਬੀ ਜੀ ਵਲ ਦੇਖਦੇ ਰਹੇ। ਉਹ ਤਕਣਾ ਕੀ ਸੀ? ਬ੍ਰਹਮ ਸ਼ਕਤੀ ਦਾ ਵੰਡਣਾ ਸੀ। ਜਿਵੇਂ ਲੰਕਾ ਦੇ ਮੈਦਾਨ ਵਿਚ ਘਾਇਲ ਤੇ ਬੇ ਹੋਸ਼ ਪਏ ਸ਼੍ਰੀ ਲਛਮਣ ਜੀ ਨੂੰ ਸੰਜੀਵਨੀ ਬੂਟੀ ਨਾਲ ਸੁਰਜੀਤ ਕੀਤਾ ਗਿਆ ਸੀ– ਤਿਵੇਂ ਮੇਹਰ ਦੇ ਸਾਗਰ ਆਪਣੀ ਆਤਮ ਸ਼ਕਤੀ ਨਾਲ ਬੇਸੁਰਤ ਪਈ ਬੀਬੀ ਨੂੰ ਹੋਸ਼ ਵਿਚ ਲਿਆਉਣ ਲਗੇ।

ਚਿਹਰੇ ਦਾ ਰੰਗ ਬਦਲ ਗਿਆ। ਅੱਖਾਂ ਦੇ ਛਪਰ ਹਰਕਤ ਕਰਨ ਲਗੇ ਤੇ ਬੀਬੀ ਜੀ ਬੁਲ੍ਹ ਹਿਲੇ। ਦੇਖਣ ਵਾਲਿਆਂ ਦੇ ਚਿਹਰੇ ਖਿੜ ਗਏ।

'ਅਕਾਲ ਪੁਰਖ ਭਲੀ ਕਰੇਗਾ। ਹੌਲੀ ਹੌਲੀ ਅਨੰਦ ਪਰ ਲੈ ਚਲੋ।' ਆਖ ਕੇ ਆਪ ਸਤਿਗੁਰੂ ਜੀ ਚਲ ਪਏ। ਘੋੜੇ ਕੋਲ ਧੂਜ ਕੇ ਉਸ ਤੇ ਸਵਾਰ ਹੋਏ ਤੇ ਦੇਖਦਿਆਂ ਦੇਖਦਿਆਂ ਘੋੜੇ ਨੇ ਹਵਾ ਨਾਲ ਬਾਜੀ ਲਾ ਦਿਤੀ। ਧੂੜ ਧੁਮਾਉਂਪਾ ਹੋਇਆ ਅਗੇ ਨਿਕਲ ਗਿਆ।

ਸਤਿਗੁਰੂ ਜੀ ਦੇ ਗਮਨ ਕਰਨ ਦੇ ਕੋਈ ਪੰਜ ਕੁ ਮਿੰਟ ਪਿਛੋਂ ਬੀਬੀ ਦੀਪ ਕੌਰ ਦੇ ਬੁਲ੍ਹ ਫਰਕੇ ਤੇ ਜਬਾਨੋਂ ਨਿਕਲਿਆ–'ਸਤਿ-

ਕਰਤਾਰ! ਧੰਨ ਧੰਨ ਮੇਰੇ ਸਤਿਗੁਰੂ ਜੀ।' ਇਕ ਵਾਕ ਦੇ ਨਾਲ ਹੀ ਉਸ ਦੇ ਦੋਵੇਂ ਨੈਣ ਖੁਲ ਗਏ। ਚਿਹਰੇ ਤੇ ਮੁਸਕ੍ਰਾਹਟ ਆ ਗਈ। ਉਸ ਦਾ ਸਾਹ ਸੌਖਾ ਹੋ ਗਿਆ।

ਬੀਬੀ ਜੀ ਦੇ ਚੌਗਿਰਦੇ ਖਲੋਤਿਆਂ ਚੇਹਰੇ ਉਸੇ ਤਰ੍ਹਾਂ ਰੌਣਕ ਭਰਪੂਰ ਹੋ ਗਏ, ਜਿਵੇਂ ਸੂਰਜ ਦੇ ਉਦੇ ਹੋਣ ਤੇ ਸਾਰੀ ਬਨਾਸਪਤੀ ਦੇ ਚਿਹਰੇ ਉਤੇ ਇਕ ਦਮ ਰੌਣਕ ਆ ਜਾਂਦੀ ਹੈ।

'ਮੈਨੂੰ ਲੈ ਚਲੋ! ਮੈਂ ਹੁਣ ਤਕੜੀ ਆਂ। ਦਰਦਾਂ ਇਕ ਦਮ ਘਟ ਗਈਆਂ ਹਨ। ਇਉਂ ਪ੍ਰਤੀਤ ਹੁੰਦਾ ਏ, ਮੇਰੇ ਪਿਤਾ ਨੇ ਮੇਰੇ ਕਸ਼ਟ ਨੂੰ ਆਪ ਦੂਰ ਕੀਤਾ ਏ।'

ਬੀਬੀ ਦੀਪ ਕੌਰ ਨੇ ਸਾਫ ਜ਼ਬਾਨ ਵਿਚ ਆਖਿਆ।

ਸੰਗਤ ਸ੍ਰੀ ਅਨੰਦ ਪੁਰ ਪੁਜ ਗਈ। ਸ਼ਹੀਦੀ ਬਾਗ ਵਿਚ ਡੇਰਾ ਕੀਤਾ ਗਿਆ। ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਣ ਦੀ ਤਿਆਰੀ ਕੀਤੀ ਪਰ ਬੀਬੀ ਦੀਪੋ ਨੂੰ ਨਾਲ ਨਾ ਲਿਜਾ ਸਕੇ। ਉਨ੍ਹਾਂ ਨੇ ਇਹੋ ਸੋਚਿਆ ਕਿ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਕੇ ਬੇਨਤੀ ਕਰਨਗੇ ਤੇ ਸਤਿਗੁਰਾਂ ਪਾਸੋਂ ਮੰਗ ਕਰਨਗੇ ਕਿਸੇ ਵੈਦ ਹਕੀਮ ਦੀ ਜੋ ਬੀਬੀ ਦੇ ਜ਼ਖਮਾਂ ਦੀਮਲ੍ਹਮ ਪਟੀ ਧਿਆਨ ਨਾਲ ਕਰ ਸਕੇਗਾ।

ਮਾਝੇ ਦੀ ਸੰਗਤ ਨੇ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਸਾਹਿਬਾਂ ਦੇ ਚਰਨ ਕਮਲਾਂ ਤੇ ਮੱਥਾ ਟੇਕਿਆ। ਜੋ ਕੁਝ ਗੁਰੂ ਘਰ ਵਾਸਤੇ ਕਾਰ ਭੇਟ ਲਿਆਂਦੀ ਸੀ, ਉਹ ਚੜ੍ਹਾਈ ਗਈ ਤਾਂ ਇਕ ਬਜ਼ੁਰਗ ਨੂੰ ਸਤਗੁਰੂ ਜੀ ਨੇ ਬਚਨ ਕੀਤਾ:—

'ਗੁਰਮੁਖਾ! ਉਹ ਉਠ ਤੁਰ ਫਿਰ ਨਹੀਂ ਸਕਦੀ। ਜ਼ਖਮ ਅਜੇ ਅਲੇ ਹਨ। ਮਿਹਰ ਕਰੋ—ਕੋਈ ਹਕੀਮ ਵੈਦ ਭੇਜੋ।'

ਬਜ਼ੁਰਗ ਨੇ ਦੋਵੇਂ ਹੱਥ ਜੋੜ ਕੇ ਉਤਰ ਵੀ ਦਿਤਾ ਤੇ ਬੇਨਤੀ ਵੀ ਕੀਤੀ।

'ਉਸਨੂੰ ਲਿਆਓ! ਉਹ ਰਾਜ਼ੀ ਏ।'

ਸਾਹਿਬਾਂ ਨੇ ਬਚਨ ਕਰ ਦਿਤਾ।

ਉਸ ਵੇਲੇ ਮਾਈ ਦੀ ਸੰਗਤ ਵਿਚੋਂ ਦੋ ਬੀਬੀਆਂ ਡੇਰੇ ਵਲ ਗਈਆਂ ਉਨ੍ਹਾਂ ਨੇ ਤੰਬੂ ਵਿਚ ਜਾਕੇ ਤਕਿਆ ਕਿ ਬੀਬੀ ਦੀਪੋ ਮੰਜੇ ਉਤੋਂ ਉਠ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣ ਵਾਸਤੇ ਤਿਆਰੀ ਕਰ ਰਹੀ ਸੀ। ਉਹ 'ਸਤਿ ਕਰਤਾਰ ਸਤਿ ਕਰਤਾਰ ਤੇ ਸਤਿਨਾਮ!' ਦਾ ਜਾਪ ਕਰੀ ਜਾਂਦੀ ਸੀ।

'ਸਤਿਗੁਰੂ ਜੀ ਯਾਦ ਕਰਦੇ ਹਨ।'

ਇਕ ਬੀਬੀ ਨੇ ਦੀਪੋ ਨੂੰ ਕਿਹਾ।

'ਚਲੋ!'

ਬੀਬੀ ਦੀਪੋ ਨੇ ਉੱਤਰ ਦਿਤਾ ਤੇ ਉਨ੍ਹਾਂ ਬੀਬੀਆਂ ਦੇ ਨਾਲ ਨਾਲ ਤੁਰ ਪਈ। ਹੌਲੀ ਹੌਲੀ ਤੁਰ ਕੇ ਗੁਰ ਸੰਗਤ ਦੇ ਦਰਸ਼ਨ ਕਰਦੀ ਹੋਈ ਸਤਿਗੁਰੂ ਜੀ ਦੇ ਦਰਬਾਰ ਵਿਚ ਪੁਜ ਗਈ। ਡੰਡ ਵਤ ਹੋ ਕੇ ਸਤਿਗੁਰੂ ਜੀ ਦੇ ਚਰਨ ਕਮਲਾਂ ਤੇ ਮਥਾ ਟੇਕਿਆ। ਖੁਸ਼ੀ ਦੇ ਅਥਰੂ ਡੋਲ੍ਹ ਕੇ ਦਿਲ ਤੇ ਅਖਾਂ ਦੀ ਮੈਲ ਧੋਤੀ। ਆਪਣੇ ਜਨਮ ਮਰਨ ਨੂੰ ਸਵਾਰ ਲਿਆ ਨਿਹਾਲ ਹੋ ਗਈ ਨਿਹਾਲ। ਸਿਖੀ ਦੀ ਰੰਗਣ ਚੜ੍ਹ ਗਈ, ਜਿਹੜੀ ਕਦ ਨਹੀਂ ਸੀ ਉਤਰਨੀ।

'ਮੇਰੀ ਬਹਾਦਰ ਪੁਤਰੀ!'

ਸਤਿਗੁਰੂ ਜੀ ਨੇ ਬਚਨ ਕੀਤਾ। ਲਾਡ ਤੇ ਪਿਆਰ ਨਾਲ ਉਸ ਵਲ ਤਕਿਆ। ਸਿਰ ਤੇ ਹਥ ਰਖ ਕੇ ਤਨ ਤੇ ਮਨ ਦੇ ਸਾਰੇ ਰੋਗਾਂ ਦਾ ਨਾਸ਼ ਕਰ ਦਿਤਾ। ਵਰੇ ਦੀਵਾਨ ਵਿਚ ਬੀਬੀ ਦੀਪੋ ਦੀ ਬਹਾਦਰੀ ਉਸ ਦੇ ਧਰਮ ਵਿਸ਼ਵਾਸ ਅਤੇ ਨੇਕ ਦਿਲ ਸਾਰੀ ਕਥਾ ਭਰੇ ਦੀਵਾਨ ਵਿਚ ਸਿਖ ਸੰਗਤ ਨੂੰ ਸਤਿਗੁਰਾਂ ਨੇ ਆਪ ਸੁਣਾਈ। ਅੰਤ ਵਿਚ ਬਚਨ ਕੀਤਾ-'ਹਰ ਇਕ ਬੇਟੀ ਨੂੰ ਬੀਬੀ ਦੀਪੋ ਵਾਂਗ ਬਹਾਦਰ, ਨੇਕ, ਦਲੇਰ, ਧਰਮ ਵਿਚ ਦ੍ਰਿੜ੍ਹ ਵਿਸ਼ਵਾਸ ਹੋਣਾ ਜ਼ਰੂਰੀ ਹੈ, ਸ਼ਸਤ੍ਰ ਧਾਰੀ ਹੋਣ ਨਾਲ ਆਪਣੇ ਧਰਮ ਤੇ ਸਵੈ ਸਤਿਕਾਰ ਨੂੰ ਬਚਾਇਆ ਜਾ ਸਕਦਾ ਹੈ, ਸਮਾਂ ਅਗੇ ਭਿਆਨਕ ਆਉਣ ਵਾਲਾ ਏ। ਉਸ ਸਮੇਂ ਦਾ ਮੁਕਾਬਲਾ ਕਰਨ ਵਾਸਤੇ ਸਭ ਮਾਈ ਭਾਈ ਨੂੰ ਤਿਆਰ ਬਰ ਤਿਆਰ ਹੋਣਾ ਚਾਹੀਦਾ

ਹੈ।'

ਵੈਸਾਖੀ ਦਾ ਪੂਰਬ ਖਿਹਾੜਾ ਆਇਆ। ਮਾਏਂ ਵਾਲ ਦੀ ਟਿੱਬੀ ਉਤੇ ਸਤਿਗੁਰੂ ਜੀ ਨੇ ਭਾਰੀ ਸ਼ਮਿਆਨੇ ਲਾ ਦੀਵਾਨ ਕੀਤਾ ਤੇ ਭਰੇ ਦੀਵਾਨ ਵਿਚੋਂ ਨੰਗੀ ਤੇਗ ਲੈ ਕੇ ਪੰਜਾਂ ਸਿਰਾਂ ਦੀ ਮੰਗ ਕੀਤੀ। ਪੰਜ ਸਿਰ ਮਿਲ ਗਏ। ਅਮ੍ਰਿਤ ਦਾ ਬਾਟਾ ਤਿਆਰ ਹੋਇਆ ਤੇ ਪੰਜਾਂ ਪਿਆਰਿਆਂ ਨੂੰ ਪਹਿਲਾਂ ਅੰਮ੍ਰਿਤ ਛਕਾ ਕੇ ਫਿਰ ਸਤਿਗੁਰੁ ਜੀ ਨੇ ਆਪ ਅੰਮ੍ਰਿਤ ਛਕਿਆ। ਗੁਰੂ ਗੋਬਿੰਦ ਰਾਏ ਤੋਂ 'ਗੁਰੂ ਗੋਬਿੰਦ ਸਿੰਘ' ਅਪਣਾ ਨਾਮ ਰਖਾਇਆ ਤੇ ਜਿਨਾਂ ਅੰਮ੍ਰਿਤ ਪਾਨ ਕੀਤਾ, ਉਨ੍ਹਾਂ ਦੇ ਨਾਮ ਵੀ ਬਦਲ ਦਿਤੇ। ਨਿਕੂ ਰਾਮ ਵਲਦ ਮਧਰੂ ਨੂੰ ਪਹਾੜਾ ਸਿੰਘ ਤੇ ਦੂੜੀ, ਨਿਕੀ, ਸੰਤੀ ਨਾਮ ਵਾਲੀਆਂ ਬੀਬੀਆਂ ਨੂੰ ਸਤਕਾਰ ਕੌਰ, ਸਤਵੰਤ ਕੌਰ ਤੇ ਬਲਵੰਤ ਕੌਰ ਬਣਾ ਦਿਤਾ।

ਬੀਬੀ ਦੀਪੋ ਦੀ ਭਾਲ ਕਰਦਾ ਹੋਇਆ ਉਸਦਾ ਪਤੀ ਵੀ ਸਤਿ-ਗੁਰਾਂ ਦੀ ਅਥਾਹ ਸ਼ਕਤੀ ਨਾਲ ਸ੍ਰੀ ਅਨੰਦਪੁਰ ਪੁਜ ਚੁਕਾ ਸੀ। ਬੀਬੀ ਦੀਪੋ ਨੇ ਉਸਨੂੰ ਨਾਲ ਲੈ ਕੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਵੇਲੇ ਬੀਬੀ ਦਾ ਨਾਮ-ਦੀਪ ਕੌਰ ਤੇ ਉਸਦੇ ਪਤੀ ਦਾ ਨਾਮ ਜੀਵਨ ਸਿੰਘ ਰਖਿਆ ਗਿਆ ਦੋਵੇਂ ਹੀ ਅਨੰਦ ਪੁਰ ਸਾਹਿਬ ਰਹਿਣ ਲਗ ਪਏ ਤੇ ਗੁਰੂ ਘਰ ਦੀ ਸੇਵਾ ਕਰਦੇ ਰਹੇ। ਅੰਮ੍ਰਿਤ ਛਕਣ ਦੇ ਚਾਰ ਸਾਲ ਪਿਛੋਂ ਜਦੋਂ ਮੁਗ਼ਲ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸ੍ਰੀ ਅਨੰਦ ਪੁਰ ਨੂੰ ਘੇਰਾ ਪਾਇਆ। ਲੜਾਈਆਂ ਹੋਈਆਂ ਤਦੋਂ ਬੀਬੀ ਦੀਪ ਕੌਰ ਤੇ ਉਸਦੇ ਪਤੀ ਜੀਵਨ ਸਿੰਘ ਨੇ ਬੜੀ ਨਿਡਰਤਾ ਤੇ ਬੀਰਤਾ ਨਾਲ ਸਾਰੀਆਂ ਜੰਗਾਂ ਵਿਚ ਹਿੱਸਾ ਲਿਆ। ਅੰਤ ਸਰਸਾ ਕਿਨਾਰੇ ਹੋਈ ਰਾਤ ਦੀ ਲੜਾਈ ਵਿਚ ਦੋਵੇਂ ਹੀ ਦੁਸ਼ਮਨਾਂ ਨਾਲ ਲੋਹਾ ਲੈਂਦੇ ਹੋਏ ਮਾਤਾ ਸੁੰਦਰੀ ਜੀ ਦੀ ਰਖਿਆ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਕੇ ਬ੍ਰਹਮ ਲੋਕ ਨੂੰ ਚਲੇ ਗਏ।

ਨੇਕੀ ਧਰਮ ਤੇ ਦੇਸ਼ ਹਿਤ, ਜੋ ਜਨ ਵਾਰ ਜਾਨ।
ਸਫਲ ਜਨਮ ਉਸਦਾ ਹੋਇ, ਜਗਤੇ ਰਹੇ ਨਿਸ਼ਾਨ।
ਪਿਆਰੀ ਜਿਸਨੂੰ ਗੁਰ-ਸਿਖੀ, ਉਹ ਦਾਨੀ ਉਹ ਵੀਰ।
ਲੋਕ ਭਲਾਈ ਮਨ ਲਗੀ, ਸਭ ਪੁਰਸ਼ਾਂ ਸਮਝੇ ਵੀਰ।